

# ਵਰਿਆਮ

Sri Satguru Jagjit Singh Ji eLibrary NamdhariElibrary@gmail.com

https://archive.org/details/namdhari




# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਨਮ ਸ਼ਤਾਬਦੀ ਦੀ

# ਵਧਾਈ

- ਸਿਤਾਰ
- ਤਾਨਪੂਰਾ
- ਹਾਰਮੋਨੀਅਮ
- ਤਬਲਾ
- ਅਤੇ ਸੰਗੀਤ ਦੇ ਹੋਰ ਸਾਜ਼ ਤਿਆਰ ਕਰਨ ਵਾਲੇ

Specialists in :

**SITAR**

**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ ।

**GURDIAL SINGH & SONS**

Phagwara Gate, JALANDHAR CITY





# ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਨਮ ਸ਼ਤਾਬਦੀ ਦੀ

# ਵਧਾਈ

ਸਾ ਧਰਤਿ ਭਈ ਹਰਿਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ ॥
ਸੇ ਜੰਤ ਭਏ ਹਰੀਆਵਲੇ
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ
ਧਨੁ ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ
ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ
ਜਨੁ ਨਾਨਕੁ ਧੋਵੈ ਪਾਇ ॥

ਗਉੜੀ ਕੀ ਵਾਰ ਮਹਲ ੪

**ਨਾਮਧਾਰੀ ਟੈਂਟ ਹਾਊਸ**

ਹਮੀਦੀਆ ਰੋਡ, ਭੋਪਾਲ ।

ਫੋਨ : 72869, 74730




Sri Satguru Jagjit Singh Ji eLibrary NamdhariElibrary@gmail.com

https://archive.org/details/namdhari


With best compliments from :

**Television Service Centre (Regd.)**

SARASWATI MARG, 23, BEADAN PURA, KAROL BAGH,
NEW DELHI-110005.

Specialists in : Repairs of all kinds of VCR, & Colour TVs, Black & White, Indian & Imported TV Sets

Main agents for : Weston VCR and Colour TV Sets

Dealers in : Weston, Beltek, Televista, Disco and Gruntek Television Sets, Tape Recorders, Refrigerators and Washing Machines,

Manufacturers & Suppliers for

"I.E.C." Multi Channel TV Tuners for Black & White and Colour TV

"GURU" Brand Solder Wire.

"T.S.C." Brand Televison and Electronic Components.

Works : GI/17, G. T. KARNAL ROAD, INDUSTRIAL AREA, DELHI-33.
Phones : Showroom 567552, 560076 Works : 7115441, 7115442




Sri Satguru Jagjit Singh Ji eLibrary NamdhariElibrary@gmail.com

# ਨਿਮਾਣੀ ਸ਼ੁਰੂਆਤ

ਅਜ ਤੋਂ ਸੌ ਸਾਲ ਪਹਿਲਾਂ ਦਾ ਪੰਜਾਬ ਗੁਲਾਮ ਪੰਜਾਬ ਸੀ ਅਤੇ ਇਸ ਦੀ ਬੰਦ ਖਲਾਸ ਵਾਸਤੇ ਜੂਝਣ ਵਾਲਾ ਸਮਾਜ ਨਾਮਧਾਰੀ-ਕੂਕਾ ਪੰਥ ਜੂਹ ਬੰਦ ਸੀ। ਅਜ ਜਿਸ ਭੈਣੀ ਸਾਹਿਬ ਦੇ ਦਰਸ਼ਨਾਂ ਨੂੰ ਲਖਾਂ ਲੋਕ ਆਉਂਦੇ ਹਨ ਵਡੇ ਵਡੇ ਰਾਜਸੀ ਤੇ ਧਾਰਮਕ ਨੇਤਾ ਯਾਤਰਾ ਕਰਦੇ ਹਨ ਉਸ ਵੇਲੇ ਇਕ ਨੀਮ ਜੇਹਲ ਵਾਂਗ ਸੀ। ਗੁਰੂ ਰਾਮ ਸਿੰਘ ਜਲਾਵਤਨ ਕੀਤੇ ਗਏ ਸਨ ਉਹਨਾਂ ਦੇ ਭਰਾਤਾ ਗੁਰੂ ਹਰੀ ਸਿੰਘ ਜੀ ਇਕ ਵਡੇ ਵੀਰ ਦੀ ਜੁਦਾਈ ਦਾ ਦੁਖ ਬਰਦਾਸ਼ਤ ਕਰ ਰਹੇ ਸਨ ਦੂਜਾ ਅੰਗਰੇਜ਼ ਸਰਕਾਰ ਦੀ ਕਰੋਪੀ ਝਲ ਰਹੇ ਸਨ। ਇਸ ਸਮੇਂ ਗੁਰੂ ਹਰੀ ਸਿੰਘ ਜੀ ਦੇ ਘਰ ਇਕ ਬਾਲਕ ਜਨਮਿਆ ਜਿਸ ਦਾ ਤੇਜ ਪ੍ਰਤਾਪ ਵੇਖ ਕੇ ਨਾਮ ਰਖਿਆ ਗਿਆ ਪ੍ਰਤਾਪ ਸਿੰਘ। ਨਾਲ ਵਰ ਦਿਤੇ ਕਿ ਇਹ ਬੰਸਖਲਾਥ ਕਰਵਾਏਗਾ।

ਵਿਹ ਹੀ ਪ੍ਰਤਾਪੀ ਬਾਲਕ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਰੂਪ ਵਿਚ ਪ੍ਰਕਾਸ਼ਮਾਨ ਹੋਏ।

ਇਹਨਾਂ ਦੇ ਪ੍ਰਕਾਸ਼ ਨਾਲ ਹੀ ਭੈਣੀ ਸਾਹਿਬ ਲਗੀਆਂ ਪਾਬੰਦੀਆਂ ਢਿਲੀਆਂ ਹੋਣੀਆ ਸ਼ੁਰੂ ਹੋ ਗਈਆਂ। ੧੭ ਸਾਲਾਂ ਦੀ ਜਵਾਨ ਅਵਸਥਾ ਵਿਚ ਆਪ ਨੇ 'ਬਾਗੀ' ਕੂਕਾ ਪੰਥ ਦੀ ਵਾਗ ਡੋਰ ਸੰਭਾਲੀ ਅਤੇ ੫੩ ਸਾਲ ਇਸ ਦਾ ਸੰਰਕਸ਼ਨ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਜੀ ਨੇ ਨਾ ਕੇਵਲ ਸ੍ਰੀ ਭੈਣੀ ਸਾਹਿਬ ਨੂੰ ਅੱਧੀ ਸਦੀ ਦੇ ਪੁਲਿਸ ਜਬਰ ਤੋਂ ਮੁਕਤ ਕਰਵਾਇਆ ਸਗੋਂ ਸਮੁੱਚੇ ਭਾਰਤ ਨੂੰ ਵੀ ਪੂਰੀਆਂ ਦੋ ਸਦੀਆਂ ਬਾਦ ਆਜ਼ਾਦੀ ਦਾ ਮੂੰਹ ਵਖਾਇਆ। ਇਥੋਂ ਦੇ ਲੋਕਾਂ ਵਿਚ ਭਰਾਤਰੀ ਭਾਵ ਅਤੇ ਸਾਤਵਿਕ ਰੁੱਚੀਆਂ ਪੈਦਾ ਕੀਤੀਆਂ। ਨਾਮਧਾਰੀ ਪੰਥ ਨੂੰ ਉਨਤੀ ਦੀਆਂ ਸਿਖਰਾਂ ਤੇ ਪਹੁੰਚਾਇਆ ਅਤੇ ਇਸਨੂੰ ਧਾਰਮਕ, ਸਮਾਜਕ, ਰਾਜਸੀ ਅਤੇ ਆਰਥਕ ਖੇਤਰਾਂ ਵਿਚ ਅਤਿਅੰਤ ਵਿਕਸਤ ਕੀਤਾ।

ਨਾਮਧਾਰੀ ਪੰਥ ਆਪ ਦੇ ਪਵਿਤਰ ਨਾਮ ਨਾਲ ਜੀ ਰਿਹਾ ਹੈ। ਆਪ ਜੀ ਦੀ ਜਨਮ ਸ਼ਤਾਬਤੀ ਮਨਾਉਣ ਵਾਸਤੇ ਆਪਣੇ ਹੀ ਅੰਦਾਜ਼ ਵਿਚ ਤਿਆਰੀਆਂ ਕਰ ਰਿਹਾ ਹੈ। ਨਾਮਧਾਰੀ ਪੰਥ ਦੇ ਵਰਤਮਾਨ ਸਤਿਗੁਰੂ ਜੀ, ਸਤਿਗੁਰੂ ਜਗਜੀਤ ਸਿੰਘ ਜੀ ਦੀ ਕਮਾਨ ਹੇਠ ਅਗੇ ਵੀ ਪਰਮੁਖ ਸ਼ਤਾਬਦੀਆਂ ਮਨਾਈਆਂ ਗਈਆਂ ਹਨ। ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ ਸ਼ਤਾਬਦੀ ਵਰ੍ਹਾਂ ੧੨ ਚੇਤਰ ੨੦੪੫ (੨੫ ਮਾਰਚ ੧੯੮੯) ਤੋਂ ਸ਼ੁਰੂ ਹੋ ਰਿਹਾ ਹੈ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਕਲਿਆਣਕਾਰੀ ਜੀਵਨ ਤੇ ਦਰਸ਼ਨ ਨੂੰ ਲੋਕਾਂ ਸਾਹਮਣੇ ਮੁੜ ਲਿਆਂਦਾ ਜਾਵੇਗਾ।

ਸਤਿਗੁਰੂ ਜੀ ਦੇ ਆਸ਼ੀਰਵਾਦ ਅਤੇ ਸੰਗਤਾਂ ਦੇ ਸਹਿਯੋਗ ਨਾਲ ਵਰਿਆਮ ਆਪਣਾ ਭਰਪੂਰ ਯੋਗਦਾਨ ਸਦਾ ਵਾਂਗ ਹੀ ਪਾਏਗਾ। ਫਿਲਹਾਲ ਇਹ ਨਿਮਾਣੀ ਸ਼ੁਰੂਆਤ ਹੈ।

—ਜਗਦੀਸ਼ ਸਿੰਘ

With best compliments from :

**MEX SWITCHGEAR PVT. LTD.**

Tanda Road, JALANDHAR.

Phone : 72116

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
(ਨੇੜ ਮਦਨ ਫਲੋਰ ਮਿਲ)
ਜਲੰਧਰ-੧੪੪੦੦੧
ਫੋਨ : ੭੧੨੦੪ ਪੀ. ਪੀ.
ਫੋਨ : ੭੭੩੫੬ ਪੀ.ਪੀ.

Office Address
Monthly WARIAM
(Punjabi)
Ladowali Road
(Near Madan Flour Mill
Jalandhar-144001
Phone : 77356 PP
71204 PP

### ਵਰਿਆਮ ਦੇ ਦਰ

| | | |
|---|---|---|
| ਇਕ ਪ੍ਰਤੀ | | ੩.੦੦ ਰੁਪਏ |
| ਸਾਲਾਨਾ ਚੰਦਾ | | ੩੦.੦੦ ,, |
| ਤਿੰਨ ਸਾਲ ਵਾਸਤੇ | | ੮੦.੦੦ ,, |
| ਚਾਰ ,, ,, | | ੧੦੦.੦੦ ,, |
| ਪੰਜ ,, ,, | | ੧੨੫.੦੦ ,, |
| ਉਮਰ ਭਰ ਵਾਸਤੇ | | ੩੦੦.੦੦ ,, |
| ਥਾਈਲੈਂਡ : | ਹਵਾਈ ਡਾਕ | ੨੦੦-੦੦ ,, |
| | ਸਮੁੰਦਰੀ | ੮੦-੦੦ ,, |
| ਅਰਬ-ਅਫਰੀਕਾ ਤੇ ਯੂਰਪ | ਹਵਾਈ ਡਾਕ | ੨੫੦-੦੦ ,, |
| | ਸਮੁੰਦਰੀ | ੮੦-੦੦ ,, |
| ਅਮਰੀਕਾ : ਕੈਨੇਡਾ : | ਹਵਾਈ ਡਾਕ | ੩੦੦-੦੦ ,, |
| | ਸਮੁੰਦਰੀ ਡਾਕ | ੮੦-੦੦ ,, |



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ

## ਅਤੇ

# ਮੀਰੀ ਪੀਰੀ ਪ੍ਰਥਾ

—ਸੁਰਜੀਤ ਖੁਰਸ਼ੀਦੀ—

ਅਤੀਤ ਵਲ, ਮਨੁੱਖੀ ਇਤਿਹਾਸ ਤੇ ਜੇਕਰ ਨਜ਼ਰ ਮਾਰੀ ਜਾਵੇ ਤਾਂ ਸਪਸ਼ਟ ਨਜ਼ਰ ਆ ਜਾਂਦਾ ਹੈ ਕਿ ਮਨੁਖ ਹਿਤੈਸ਼ੀ, ਅਤੇ ਦੱਖੀ ਵੀ, ਅਖੌਤੀ ਉਚੇ, ਖਾਂਦੇ ਪੀਂਦੇ ਘਰਾਣਿਆਂ ਵਿਚੋਂ ਉਠਦੇ ਰਹੇ ਹਨ। ਕੀ ਸੰਸਾਰਕ ਖੇਤਰ ਵਿਚ ਅਤੇ ਕੀ ਧਾਰਮਕ ਖੇਤਰ ਵਿਚ। ਉਹਨਾ ਦਾ ਜਨਮ ਵੀ ਬੜੇ ਵਿਗਸੇ ਹੋਏ ਤਰੱਕੀ ਯਾਫਤਾ ਖੇਤਰਾਂ ਵਿਚ ਹੀ ਹੁੰਦਾ ਰਿਹਾ ਹੈ।

ਪਰ ਦੋ ਮਹਾਨ ਅਤੇ ਇਤਿਹਾਸਕ ਹਸਤੀਆਂ ਉਹ ਵੀ ਨਜ਼ਰ ਪੈਣਗੀਆਂ ਜੇਹੜੀਆਂ ਉਪਰੋਕਤ ਕਥਨ ਤੋਂ ਇਕ ਛੋਟ ਸਿਧ ਹੁੰਦੀਆਂ ਹਨ। ਦੋਹਾਂ ਵਿਚ ਅੰਤਾਂ ਦੀ ਸਮੇਲਤਾ ਹੈ। ਭਾਵੇਂ ਕਿ ਦੋਹਾਂ ਵਿਚਕਾਰ ਲਗ ਪਗ ਦੋ ਹਜ਼ਾਰ ਵਰ੍ਹਿਆਂ ਦੀ ਵਿੱਥ ਹੈ। ਉਹ ਦੋ ਮਹਾਨ ਹਸਤੀਆਂ ਹਨ ਹਜ਼ਰਤ ਈਸਾ ਅਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ।

ਹਜ਼ਰਤ ਈਸਾ ਜੀ ਇਕ ਗਰੀਬੜੇ, ਅਣਗੌਲੇ, ਤਰਖਾਣ ਪਰਿਵਾਰ ਵਿਚ ਪੈਦਾ ਹੋਏ ਸਨ। ਸ੍ਰੀ ਸਤਿਗੁਰੂ ਜੀ ਵੀ ਇਕ ਗਰੀਬੜੇ, ਅਣਗੌਲੇ ਤਰਖਾਣ ਪਰਿਵਾਰ ਵਿਚ ਪੈਦਾ ਹੋਏ ਸਨ।

ਹਜ਼ਰਤ ਈਸਾ ਜੀ ਨੇ ਮਨੁੱਖੀ ਜਨਮ ਨੂੰ ਮਹਾਨ ਦਸਿਆ। ਅਹਿੰਸਾ, ਭਾਈਚਾਰੇ ਅਤੇ ਆਜਾਦ ਤੇ ਸਾਦਾ ਜੀਵਨ ਬਤੀਤ ਕਰਨ ਦੀ ਸਿਖਿਆ ਦਿਤੀ ਸੀ। ਸ੍ਰੀ ਸਤਿਗੁਰੂ ਰਾਮ ਸਿੰਘ ਨੇ ਵੀ ਮਨੁੱਖੀ ਜਨਮ ਨੂੰ ਸਭ ਜੂਨਾਂ ਤੋਂ ਉਤਮ ਦਸਿਆ, ਅਹਿੰਸਾ, ਭਾਈਚਾਰੇ ਅਤੇ ਮਨੁੱਖੀ ਆਜ਼ਾਦੀ ਦਾ ਝੰਡਾ ਬੁਲੰਦ ਕੀਤਾ ਹੈ।

ਹਜ਼ਰਤ ਈਸਾ ਦੇ ਪਹਿਲੇ ਸ਼ਰਧਾਲੂ, ਉਦੋਂ ਦੇ ਗ਼ੁਲਾਮੀ ਦਾ ਜੀਵਨ ਬਤੀਤ ਕਰਨ ਵਾਲੇ, ਜੇਹੜੇ ਪੀੜ੍ਹੀ ਦਰ ਪੀੜ੍ਹੀ ਗ਼ੁਲਾਮ ਹੀ ਤੁਰੇ ਆਉਂਦੇ ਸਨ, ਬਣੇ। ਸਤਿਗੁਰੂ ਰਾਮ ਸਿੰਘ ਜੀ ਦੇ ਸ਼ਰਧਾਲੂ ਵੀ ਗ਼ਰੀਬ, ਕਿਰਤੀ, ਕਿਸਾਨ ਹੀ ਬਣੇ। ਜੇਹੜੇ ਕਿ ਅੰਗਰੇਜ਼ ਦੇ ਬਸਤਾ ਬਰਦਾਰਾਂ ਅਤੇ ਟੋਡੀਆਂ ਦੀਆਂ ਨਜ਼ਰਾਂ ਵਿਚ ਕੀੜੇ ਮਕੌੜਿਆਂ ਵਾਂਗ ਹੀ ਸਨ।

ਹਜ਼ਰਤ ਈਸਾ ਆਪਣੇ ਸ਼ਰਧਾਲੂਆਂ ਦੇ ਗੁਨਾਹਾਂ ਨੂੰ ਆਪਣੀ ਝੋਲੀ ਵਿਚ ਪਾਕੇ ਸੂਲੀ ਤੇ ਜਾ ਚੜ੍ਹੇ ਸਨ। ਉਸੇ ਪਰਕਾਰ ਸ੍ਰੀ ਸਤਿਗੁਰੂ ਜੀ ਵੀ ਆਪਣੇ ਸੇਵਕਾਂ ਦੇ ਪਾਰ ਉਤਾਰੇ ਦੇ ਲਈ ਆਪ ਪਰਦੇਸ ਗਮਨ ਕਰ ਗਏ ਹਨ।

ਹਜ਼ਰਤ ਈਸਾ ਜੀ ਨੇ ਇਕ ਵਾਰ, ਇਕ ਹਜ਼ਾਰ ਵਰ੍ਹੇ ਦੇ ਲਈ ਪਰਤ ਕੇ ਸੰਸਾਰ ਵਿਚ ਆਉਣਾ ਹੈ ਇਹ ਈਸਾਈ ਸ਼ਰਧਾਲੂ ਮੰਨਦੇ ਹਨ! ਇਸੇ ਪਰਕਾਰ ਸਤਿ ਅਤੇ ਨੇਕੀ ਦੀ ਜਿੱਤ ਅਤੇ ਪਸਾਰ ਦੇ ਲਈ ਸਤਿਗੁਰੂ ਰਾਮ ਸਿੰਘ ਵੀ ਆਉਣ ਦਾ ਵਚਨ ਕਰਕੇ ਗਏ ਹੋਏ ਹਨ। ਸ਼ਰਧਾਲੂ ਉਡੀਕ ਰਹੇ ਹਨ। ਸਭ ਦੀ ਨੇਹਚਾ ਹੈ ਕਿ ਸ੍ਰੀ ਸਤਿਗੁਰੂ ਜੀ, ਆਉਣਗੇ, ਜ਼ਰੂਰ ਆਉਣਗੇ।

ਇਹੋ ਜਹੀ ਸਮਾਨਤਾ ਦੋ ਮਹਾਨ ਹਸਤੀਆਂ ਵਿਚ ਹੋਰ ਸ਼ਾਇਦ ਹੀ ਕੋਈ ਹੋਵੇ।

ਸ੍ਰੀ ਸਤਿਗੁਰੂ ਜੀ ਦਾ ਪਰਕਾਸ਼ ਸਤਲੁਜ ਨਦੀ ਦੀ ਛੱਡੀ ਧਰਤੀ ਤੇ ਵਸੇ ਪਿੰਡ ਰਾਈਆਂ ਵਿਚ ਹੋਇਆ। ਸਾਰਾ ਇਲਾਕਾ ਪਛੜਿਆ ਹੋਇਆ ਸੀ (ਉਂਞ ਅਜੇ ਵੀ ਹੈ)। ਧਰਮ ਅਤੇ ਰਾਜਨੀਤੀ ਵਲੋਂ ਸੁੱਤਾ ਪਿਆ ਹੋਇਆ ਵੀ ਕਿਹਾ ਜਾ ਸਕਦਾ ਹੈ। ਇਸ ਮਾਰੂਥਲ, ਅਗਿਆਨਤਾ, ਗਰੀਬੀ, ਸਾਮਰਾਜ ਦੇ ਚੁੰਗਲ ਵਿਚ ਫਸੇ, ਟੋਡੀਆਂ ਮਾਰੇ ਖੇਤਰ ਵਿਚ ਸਤਿਗੁਰੂ ਜੀ ਦਾ ਉਦੇ ਇਕ ਕੰਵਲ ਫੁੱਲ ਵਾਂਗ, ਹੀ ਹੋਇਆ ਹੈ।

ਸਤਿਗੁਰੂ ਜੀ ਦੇ ਪਰਕਾਸ਼ ਧਾਰਨ ਤੋਂ ਪਹਿਲਾਂ ਖ਼ਾਲਸਾ ਮਿਸਲਾਂ ਦੇ ਵਿਚ ਵੰਡਿਆ ਹੋਇਆ ਸੀ ਪਰ ਕੇਂਦਰੀ ਮੀਰੀ ਅਤੇ ਪੀਰੀ ਸ੍ਰੀ ਅੰਮ੍ਰਿਤਸਰ ਵਿਖੇ ਸਥਾਪਤ ਸੀ। ਫੇਰ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਸਥਾਪਤ ਹੋ ਜਾਣ ਉਪਰੰਤ ਮੀਰੀ ਲਾਹੌਰ ਜਾ ਰਹੀ ਅਤੇ ਪੀਰੀ ਅਕਾਲ ਤਖ਼ਤ ਤੇ ਬਰਾਜਮਾਨ ਰਹੀ। ਅਕਾਲੀ ਫੂਲਾ ਸਿੰਘ ਜੀ ਜਥੇਦਾਰੀ ਨਿਭਾਂਦੇ ਰਹੇ।

ਫੇਰ ਕਾਰਨ ਸਭ ਜਾਣਦੇ ਹਨ, ਲਾਹੌਰ ਦਾ ਰਾਜ ਖੁੱਸ ਜਾਣ ਤੇ ਮੀਰੀ ਅੰਗਰੇਜ਼ ਪਾਸ ਚਲੀ ਗਈ ਪਰ ਪੀਰੀ ਦੇ ਸਥਾਨ ਦੀਆਂ ਚਾਬੀਆਂ ਵੀ ਅੰਗਰੇਜ਼ ਦੇ ਬੋਝੇ ਜਾ ਪਈਆਂ!

ਸ੍ਰੀ ਸਤਿਗੁਰੂ ਰਾਮ ਸਿੰਘ ਨੇ ਸਭ ਕੁਝ ਦੇਖਿਆ ਅਤੇ ਘੋਖਿਆ। ਸਿੱਖ ਸਰਦਾਰਾਂ ਦੇ ਕਰਦਾਰ ਨੂੰ ਅਖੀਂ ਦੇਖਿਆ। ਉਹਨਾਂ ਨੇ ਸਾਰੀ ਜ਼ਿਮੇਵਾਰੀ ਆਪ ਸੰਭਾਲਦਿਆਂ ਹੋਇਆਂ ਮੀਰੀ ਅਤੇ ਪੀਰੀ ਆਪਣੇ ਹੱਥ ਲੈ ਲਈ ਅਤੇ ਸ੍ਰੀ ਭੈਣੀ ਸਾਹਿਬ ਨੂੰ ਇਨ੍ਹਾਂ ਦਾ ਹੈਡਕੁਆਟਰ ਥਾਪ ਦਿੱਤਾ। ਇਸ ਨਾਲ ਅੰਗਰੇਜ਼ ਦੀ ਹਥਿਆਈ ਹੋਈ ਮੀਰੀ ਅਤੇ ਬੋਝੇ ਪਾਈ ਹੋਈ ਪੀਰੀ ਨੂੰ ਸਖਤ ਧੱਕਾ ਵੱਜਾ, ਜਿਸ ਨਾਲ ਅੰਗਰੇਜ਼ ਦਾ ਘਬਰਾ ਜਾਣਾ ਅਤੇ ਚਿੰਤਤ ਹੋ ਜਾਣਾ ਤਾਂ ਸੁਭਾਵਕ ਹੀ ਸੀ ਉਸਦੇ ਟੋਡੀ ਸਰਦਾਰ, ਡੇਰੇ, ਮਹੰਤ ਸਾਰੇ ਦੇ ਸਾਰੇ ਬੁਖਲਾ ਉਠੇ।



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਨੇ ਅੰਗਰੇਜ਼ ਦੀ ਹਥਿਆਈ ਹੋਈ ਮੀਰੀ ਅਤੇ ਪੀਰੀ ਨੂੰ ਹੀ ਨਹੀਂ ਨਖੇਧਿਆ ਸਗੋਂ ਉਹਨਾਂ ਨੇ ਉਸ ਵਕਤ ਤਕ ਅੰਗਰੇਜ਼ ਦੀ ਹੋਂਦ ਤਕ ਦਾ ਨਖੇਧ ਕਰ ਛੱਡਿਆ ਜਦੋਂ ਤਕ ਕਿ ਪੂਰੀ ਸਕੀਮ ਨਾਲ, ਸ਼ਰਧਾਲੂਆਂ ਨੂੰ ਜਥੇਬੰਦ ਕਰਕੇ, ਮਹਾਰਾਜਾ ਕਸ਼ਮੀਰ, ਮਹਾਰਾਜਾ ਨੇਪਾਲ ਅਤੇ ਰੂਸ ਦੇ ਜ਼ਾਰ ਦੇ ਨਾਲ ਸੰਧੀਆਂ ਕਰਕੇ, ਉਸ ਨੂੰ ਦੇਸ ਵਿਚੋਂ ਕਢ ਨਾ ਦਿਤਾ ਜਾਵੇ। (ਦੇਖਿਆ ਜਾਵੇ ਤਾਂ ਮੀਰੀ ਅਤੇ ਪੀਰੀ ਉਦੋਂ ਤੋਂ ਹੁਣ ਤਕ ਸ੍ਰੀ ਭੈਣੀ ਸਾਹਿਬ ਤੋਂ ਹੀ ਚਲ ਰਹੀ ਹੈ।)

ਸ੍ਰੀ ਸਤਿਗੁਰੂ ਜੀ ਨੇ ਦੇਖ ਲਿਆ ਸੀ ਕਿ ਰਵਾਇਤੀ ਹਥਿਆਰਾਂ ਨੇ ਅੰਗਰੇਜ਼ ਦੇ ਵਿਰੁਧ ਕੁਝ ਕਾਰਗਰ ਰੋਲ ਨਹੀਂ ਸੀ ਨਿਭਾਇਆ। ਇਸ ਲਈ ਉਹਨਾਂ ਨੇ ਉਸ ਤੋਂ ਵੀ ਵਧ ਕਾਰਗਰ ਹਥਿਆਰ ਦੀ ਕਾਢ ਕੱਢੀ। ਨਾ ਮਿਲਵਰਤਣ ਦੀ ਬਾਈਕਾਟ ਦੀ। ਅੰਗਰੇਜ਼ ਦੀ ਕਚਹਿਰੀ ਨਹੀਂ ਜਾਣਾ, ਅੰਗਰੇਜ਼ ਦੇ ਥਾਣੇ ਨਹੀਂ ਜਾਣਾ, ਅੰਗਰੇਜ਼ ਦੀ ਨੌਕਰੀ ਨਹੀਂ ਕਰਨੀ, ਅੰਗਰੇਜ਼ ਦੀ ਰੇਲ ਤੇ ਸਫ਼ਰ ਨਹੀਂ ਕਰਨਾ, ਅੰਗਰੇਜ਼ ਦੀ ਪੈਦਾ ਕੀਤੀ ਅਤੇ ਬਣਾਈ ਹੋਈ ਚੀਜ਼ ਵਸਤ ਨਹੀਂ ਵਰਤਣੀ, ਅੰਗਰੇਜ਼ ਦੇ ਸਕੂਲਾਂ ਵਿਚ ਨਹੀਂ ਜਾਣਾ, ਅੰਗਰੇਜ਼ ਨੂੰ ਮਾਲੀਆ ਜਾਂ ਹਿਸਾ ਨਹੀਂ ਦੇਣ, ਇਤਆਦਿ।

ਇਸ ਦੇ ਨਾਲ ਆਪਣੇ ਸਮਾਨੰਤਰ ਪਰਬੰਧ ਕੀਤਾ। ਇਲਾਕੇ ਨੂੰ ਸੂਬਿਆਂ ਵਿਚ ਵੰਡ ਕੇ ਸੂਬੇ ਨਿਯੁਕਤ ਕੀਤੇ। ਇਸ ਨਾਲ ਅੰਗਰੇਜ਼ ਅਤੇ ਉਸ ਦੀ ਹਕੂਮਤ ਦਾ ਪੂਰਾ ਪੂਰਾ ਨਖੇਧ ਹੁੰਦਾ ਸੀ।

ਲਾਹੌਰ ਦੀ ਮੀਰੀ ਤੇ ਸਿੱਖਾਂ ਦੀ ਆਪਸੀ ਫੁੱਟ ਦੇ ਕਾਰਨ, ਅੰਗਰੇਜ਼ ਬਰਾਜਮਾਨ ਸੀ ਅਤੇ ਸ੍ਰੀ ਅੰਮ੍ਰਿਤਸਰ ਦੀ ਪੀਰੀ ਦੀਆਂ ਚਾਬੀਆਂ ਅੰਗਰੇਜ਼ ਦੀ ਜੇਬ ਵਿਚ ਸਨ (ਸਾਰੇ ਮੁਖੀ ਸਰਦਾਰ ਸੰਤੁਸ਼ਟ ਸਨ) ਪਰ ਇਹ ਚਾਬੀਆਂ ਹੀ ਚਾਬੀਆਂ ਸਨ ਅਤੇ ਅੰਗਰੇਜ਼ ਦਾ ਮੀਰੀ ਹੋਣ ਦਾ ਦਾਅਵਾ ਹੀ ਦਾਅਵਾ ਸੀ। ਅਸਲ ਵਿਚ ਮੀਰੀ ਅਤੇ ਪੀਰੀ ਹੁਣ ਸ੍ਰੀ ਸਤਿਗੁਰੂ ਜੀ ਚਲਾ ਰਹੇ ਸਨ ਕਿ ਇਕ ਹਕੀਕਤ ਸੀ।

ਹੁਣ ਵੀ, ਭਾਵੇਂ ਉਹ ਆਪ ਪਰਦੇਸ ਗਮਨ ਕਰ ਗਏ ਹਨ ਪਰ ਮੀਰੀ ਅਤੇ ਪੀਰੀ ਦੇ ਹੈਡਕੁਆਟਰ ਦੀ ਜ਼ਿੰਮੇਵਾਰੀ ਏਥੇ ਆਪਣੇ ਉਤਰ-ਅਧਿਕਾਰੀ ਨੂੰ ਸੌਂਪ ਕੇ ਗਏ ਹੋਏ ਹਨ। ਉਹਨਾਂ ਦੇ ਪਰਤ ਕੇ ਆ ਜਾਣ ਤਕ ਏਥੇ ਹੀ, ਇਸੇ ਤਰ੍ਹਾਂ ਹੀ ਸੰਭਾਲੀ ਰਹਿਣੀ ਹੈ।

ਅਜ ਦੇਸ ਆਜ਼ਾਦ ਹੈ। ਬਦਲੇ ਹੋਏ ਹਾਲਾਤ ਵਿਚ ਹੁਣ ਮੀਰੀ ਵਾਲੇ ਅਧਿਕਾਰ ਜਨ-ਸਾਧਾਰਨ ਦੇ ਹੱਥਾਂ ਵਿਚ ਜਾ ਚੁਕੇ ਹਨ। ਪਰ ਜਨ-ਸਾਧਾਰਨ ਸ੍ਰੀ ਭੈਣੀ ਸਾਹਿਬ ਵਲ ਝਾਕ ਰਿਹਾ ਹੈ। ਆਪਣੇ ਸਚੇ ਪਾਤਸ਼ਾਹ ਦੀ ਉਡੀਕ ਵਿਚ ਹੈ। ਇਸ ਲਈ ਉਹਨਾ ਦੀ ਸ਼ਰਧਾ ਨੇ ਆਪਣਾ ਮੀਰੀ ਦਾ ਅਧਿਕਾਰ ਵੀ ਏਥੇ ਹੀ ਮੱਥਾ ਟੇਕਿਆ ਹੋਇਆ ਹੈ। ਇਸ ਮੀਰੀ ਪੀਰੀ ਦੀ ਦੇਖ ਰੇਖ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਉਡੀਕ ਵਿਚ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕਰ ਰਹੇ ਹਨ। ਉਹਨਾਂ ਦੀ ਛਤਰ ਛਾਇਆ ਹੇਠ ਸਤਿਗੁਰੂ ਰਾਮ ਸਿੰਘ ਜੀ ਦੇ ਪਾਏ ਪੂਰਨਿਆ ਤੇ ਅਕੀਦਤ ਦੇ ਫੁਲ ਚੜ੍ਹਾਏ ਜਾ ਰਹੇ ਹਨ। ਮੀਰੀ ਅਤੇ ਪੀਰੀ ਦਾ ਪਰਵਾਹ ਸ੍ਰੀ ਭੈਣੀ ਸਾਹਿਬ ਤੋਂ ਨਰੰਤਰ ਅਤੇ ਨਿਰਵਿਘਨ ਜਾਰੀ ਹੈ। ਜਾਰੀ ਰਹੇਗਾ। +



## ਮਾਤਾ ਬਾਲ ਕੌਰ ਜੀ

ਸੰਤ ਸਾਧਾ ਸਿੰਘ ਨਾਮਧਾਰੀ ਕਾਲੋਨੀ ਨਵੀਂ ਦਿਲੀ ਵਾਲਿਆਂ ਦੇ ਸਤਿਕਾਰ ਯੋਗ ਮਾਤਾ ਜੀ ਜੋ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਆਪ ਸਬਰ ਸ਼ੁਕਰ ਵਾਲੀ ਸਰਬ ਸਾਂਝੀ ਅਤੇ ਹਰਮਨ ਪਿਆਰੀ ਸ਼ਖਸੀਅਤ ਸਨ।



Sri Satguru Jagjit Singh Ji eLibrary NamdhariElibrary@gmail.com

https://archive.org/details/namdhari

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT



CONCETE MIXER 7/5

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers

Phones Office : 529033
Factory : 501973
Resi. : 536093

## BALWANT SINGH & SONS

Office : 4E/11 JHANDEWALA EXTN.
NEW DELHI-110055

Factory : A 2/3, MAYA PURI, PHASE II
Opp, C-70 NEW DELHI-110064

Sri Satguru Jagjit Singh Ji eLibrary NamdhariElibrary@gmail.com

# ਕੂਕਿਆਂ ਦਾ ਦੀਵਾਨ

**—ਸਰਦਾਰ ਧੰਨਾ ਸਿੰਘ ਜੀ "ਕਾਨੂੰਗੋ" ਪਸਰੂਰ—**

ਇਹ ਲੇਖ ੫੩ ਸਾਲ ਪਹਿਲਾਂ ਸਪਤਾਹਿਕ ਸਤਿਜੁਗ ਦੇ ੧੦ ਮਾਘ ਸੰਮਤ ੧੯੯੨ ਦੇ ਅੰਕ ਵਿਚ ਛਪਿਆ ਸੀ। ਲੇਖਕ ਨੇ ਇਕ ਰਾਤ ਹੀ ਭੈਣੀ ਸਾਹਿਬ ਬਿਤਾਈ ਸੀ। ਲੇਖ ਇਸ ਕਰਕੇ ਸਾਹਿਤਕ ਤੇ ਇਤਿਹਾਸਕ ਮਹੱਤਤਾ ਰਖਦਾ ਹੈ ਕਿਉਂਕਿ ਇਸ ਵਿਚ ਅਧੀ ਸਦੀ ਤੋਂ ਪਹਿਲਾਂ ਦੇ ਸ੍ਰੀ ਭੈਣੀ ਸਾਹਿਬ ਦਾ ਚਿਤਰਣ ਹੈ। ਇਹਦੇ ਵਿਚੋਂ ਲੇਖਕ ਦੇ ਅਖੀਂ ਡਿਠੇ ਪ੍ਰਭਾਵਾਂ ਚੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸ਼ਖਸੀਅਤ ਦਿਸਦੀ ਹੈ। —ਸੰਪਾਦਕ

ਨਾਮਧਾਰੀ ਵੀਰਾਂ ਨੂੰ ਓਪਰੇ ਲੋਕ ਪਹਿਲੇ ਕੂਕੇ ਕਿਹਾ ਕਰਦੇ ਸਨ। ਸ਼ਬਦ ਕੂਕਾ ਉਦੋਂ ਇਕ ਮਿਹਣੇ ਜਿਹੇ ਵਾਂਗ ਕਿਹਾ ਜਾਂਦਾ ਸੀ। ਤਖਤਾਂ ਦੇ ਪੁਜਾਰੀ ਵੀ ਪਹਿਲੇ ਇਹਨਾਂ ਨੂੰ ਕੂਕਾ ਹੀ ਕਹਿੰਦੇ ਸਨ ਤੇ ਅੰਗਰੇਜ਼ ਲਿਖਾਰੀਆਂ ਨੇ ਵੀ ਇਹਨਾਂ ਨੂੰ ਕੂਕਾ ਸ਼ਬਦ ਨਾਲ ਹੀ ਯਾਦ ਕੀਤਾ ਹੈ। ਅਸਲ ਵਿਚ ਮਹਾਰਾਜ ਰਾਮ ਸਿੰਘ ਜੀ ਦੇ ਵੇਲੇ ਜਦੋਂ ਇਹਨਾਂ ਦੇ ਅਖੰਡ ਕੀਰਤਨ ਰਹਿੰਦੇ ਸਨ, ਸੁਤੀ ਦੁਨੀਆ ਤੇ ਐਸ਼ਾਂ ਵਿਚ ਪਏ 'ਸੂਰਜ-ਮੁਖੀ' ਸਰਦਾਰਾਂ ਤੇ ਜਾਗੀਰਦਾਰਾਂ ਦੀ ਮਿਠੀ ਨੀਂਦ ਵਿਚ ਕੀਰਤਨ ਨਾਲ ਜਦੋਂ ਵਿਘਨ ਪੈਂਦਾ ਸੀ ਉਹਨਾਂ ਨੂੰ ਦੁਰਾਚਾਰ ਤੋਂ ਵਰਜਿਆ ਜਾਂਦਾ ਸੀ, ਉਦੋਂ ਇਹਨਾਂ ਦੀ ਦਿਨ ਰਾਤ ਦੀ ਲਗਨ ਦੀ ਅਖੰਡ ਧੁਨੀ ਨੂੰ ਨਾ ਸਹਾਰਦੇ ਹੋਏ, ਇਹਨਾਂ ਨੂੰ ਉਹ ਕੂਕੇ (ਕੂਕਨ ਵਾਲੇ, ਤੁਹੀ ਤੁਹੀ ਨੂੰ ਰਟਨ ਵਾਲੇ) ਕਰਕੇ ਸਦਦੇ ਸੀ। ਸ੍ਰੀ ਬਾਬਾਂ ਹਰੀ ਸਿੰਘ ਜੀ ਦੇ ਵੇਲੇ ਵੀ ਬਹੁਤੇ ਲੋਕ ਕੂਕਾ ਹੀ ਕਹਿੰਦੇ ਸਨ ਤੇ ਨਾਮਧਾਰੀ ਦੀਵਾਨਾਂ ਨੂੰ ਕੂਕਿਆਂ ਦੇ ਦੀਵਾਨ ਸਦਦੇ ਸਨ। ਸਰਕਾਰ ਨੇ ਹੁਣ ਜਦੋਂ ਦੀ ਇਹਨਾਂ ਦੇ ਦੀਵਾਨਾਂ ਤੋਂ ਇਹਨਾਂ ਨੂੰ ਸੀਤਲ ਸੁਭਾਵ ਜਾਣਕੇ ਨਿਗਰਾਨੀ ਹਟਾਈ ਹੈ, ਤਾਂ ਲੋਕਾਂ ਨੇ ਵੀ ਹੁਣ ਨਾਮਧਾਰੀ ਕਹਿਣਾ ਸ਼ੁਰੂ ਕਰ ਦਿਤਾ ਹੈ। ਪਰ ਇਹਨਾਂ ਨੂੰ ਅਜੇ ਵੀ ਕੂਕਾ ਆਖੀਏ ਤਾਂ ਉਸ ਤਰ੍ਹਾਂ ਗੁੱਸਾ ਨਹੀਂ ਕਰਦੇ, ਜਿਸ ਤਰ੍ਹਾਂ ਇਕ ਸਿਖ ਨੂੰ ਸਿਖੜਾ ਤੇ ਮੁਸਲਮਾਨ ਨੂੰ ਮੁਸਲਾ ਕਹੀਏ ਤੇ ਗੁਸਾ ਕਰਦੇ ਹਨ। ਮੈਂ ਇਕ ਬੁਢੇ ਜਹੇ ਸਿਖ ਨੂੰ ਕੂਕਾ ਕਿਹਾ ਤੇ ਉਹ ਕਹਿਣ ਲਗਾ ਜੋ ਮੇਰੇ ਧੰਨ ਭਾਗ ਹੋਣ ਜੇ ਮੈਂ ਸਚਮੁਚ ਕੂਕਾ ਬਣਾ। ਮੇਰਾ ਜਨਮ ਭਾਵੇਂ ਸਿਖਾਂ ਦੇ ਘਰ ਦਾ ਹੈ ਤੇ ਮੇਰੇ ਕਈ ਇਕ ਮਿਤਰ ਨਾਮਧਾਰੀ ਵੀ ਹੈਨ। ਪੰਜ ਚਾਰ ਵਾਰੀ ਇਹਨਾਂ ਦੇ ਦੀਵਾਨਾਂ ਵਿਚ ਜਾ ਕੇ ਦਰਸ਼ਨ ਵੀ ਕੀਤਾ, ਪਰ ਇਹਨਾਂ ਦੇ



ਸਤਿਗੁਰੂ ਪ੍ਰਤਾਪ ਸਿੰਘ ਜੀ

ਅਸਲੀ ਹਾਲ ਦਾ ਮੈਨੂੰ ਵਧੇਰੇ ਪਤਾ ਨਹੀਂ ਸੀ। ਐਤਕੀਂ ਮੈਨੂੰ ਸਿਰਫ ਇਕੋ ਰਾਤ ਇਹਨਾਂ ਦੇ ਦੀਵਾਨ ਦੇਖਣ ਦਾ ਇਤਫਾਕ ਹੋਇਆ ਹੈ। ਮੈਂ ਪਿਛੇ ਜਿਹੇ ਉਸ ਦੀਵਾਨ ਤੇ ਪੁਜਾ ਸੀ। ਰਸਤੇ ਵਿਚ ਸੰਗਤਾਂ ਦੇ ਜਥੇ ਖੁਸ਼ੀ ਨਾਲ ਚਾਈਂ ਚਾਈਂ ਕੀਰਤਨ ਕਰਦੇ ਪ੍ਰੇਮ ਵਿਚ ਮਸਤ ਹੋਏ ਝੂਲਦੇ ਝਾਲਦੇ ਪਿੰਡ ਲਾਗੇ ਪੁਜੇ ਹੋਏ ਸਨ।

ਪਹਿਲੀ ਗਲ ਜੋ ਮੈਂ ਡਿਠੀ, ਉਹ ਏਹ ਸੀ ਕਿ ਸਭ ਲੋਕ ਆਪੋ ਆਪਣੇ ਥਾਂ ਸਾਧਾਰਨ ਤੇ ਸਾਦਾ ਪਹਿਰਾਵੇ ਵਿਚ ਸਨ। ਕੋਈ ਬਨਾਵਟ ਬਨਾਉ ਸ਼ਿੰਗਾਰ ਜਾਂ ਜ਼ਾਹਰਦਾਰੀ ਨਹੀਂ ਸੀ। ਸਾਧਾਰਨ ਤੌਰ ਨਾਲ ਖੁਸ਼ੀ ਖੁਸ਼ੀ ਜਾ ਰਹੇ ਸੀ। ਜੀਕੂੰ ਤ੍ਰਿਕਾਲਾਂ ਵੇਲੇ ਆਪਣੇ ਘਰ ਨੂੰ ਜਾਈਦਾ ਹੈ। ਜਿਸ ਤਰ੍ਹਾਂ ਹੋਰ ਮੇਲਿਆਂ ਮਸਾਦਿਆਂ ਉਤੇ ਆਦਮੀ ਤੀਵੀਆਂ ਬਣ ਠਣ, ਟੀਪ ਟਾਪ ਕਰਕੇ ਜਾਂਦੇ ਹਨ, ਏਥੇ ਅਜੇ ਇਹ ਉਡ ਚੰਬੜੂ ਰੋਗ ਨਹੀਂ ਵਿਆਪਿਆ, ਬਹੁਤਿਆਂ ਦੇ ਸਿਰਾਂ ਤੇ ਪੱਗਾਂ ਵੀ ਪੁਰਾਣੇ ਨਮੂਨੇ ਦੀਆਂ ਸਨ। ਉਹ ਨਮੂਨਾ ਜੋ ਅਜ ਤੋਂ ਢਾਈ ਸੌ ਸਾਲ ਪਹਿਲੇ ਸੀ। ਕਪੜੇ ਵੀ ਬਹੁਤੇ ਖਦਰ ਦੇ ਹੀ ਡਿਠੇ ਭਾਵੇਂ ਆਮ ਖਦਰ ਨੂੰ ਘਰਾਂ ਵਿਚ ਕੁਦਰਤ ਨੇ ਜ਼ਾਅ ਲਾਈ ਹੋਈ ਹੈ। ਹੋਰ ਤੇ ਹੋਰ ਇਹਨਾਂ ਦੇ ਸਤਿਗੁਰੂ ਮਹਾਰਾਜ ਪ੍ਰਤਾਪ ਸਿੰਘ ਹੋਰਾਂ ਦੇ ਵੀ ਖਦਰ ਦੇ ਕਪੜੇ,



Sri Satguru Jagjit Singh Ji eLibrary NamdhariElibrary@gmail.com

ਦਸਤਾਰ ਤੇ ਦੇਸੀ ਲੋਈ ਹੀ ਡਿਠੀ। ਮੈਂ ਜਨਤਾ ਵਿਚ ਪਛਮੀ ਫੈਸ਼ਨ, ਰੇਸ਼ਮ ਚਮਕੀ, ਬੋਸਕੀ ਸ਼ਹਿਰਾਂ ਵਾਲੀ ਇਥੇ ਨਹੀਂ ਡਿਠੀ। ਨਾ ਹੀ ਇਥੇ ਉਚੇਚ ਦਿਖਾਵਾ। ਨਾ ਬੈਠਣ ਖਲੋਣ ਵਿਚ ਹੀ ਉਚੇਚ ਤੇ ਸ਼ਹਿਰੀ ਨਖਰਾ ਸੀ, ਨਾ ਕਿਸੇ ਨੂੰ ਲੀਡਰੀ ਦੀ ਭੁੱਖ ਡਿਠੀ। ਉਹਨਾਂ ਦੇ ਤੇ ਗੁਰੂ ਦਾ ਵੀ ਆਮ ਜਨਤਾ ਵਿਚੋਂ ਪਤਾ ਨਹੀਂ ਲਗਦਾ ਸੀ ਜਿੰਨਾ ਚਿਰ ਕੋਈ ਓਪਰੇ ਨੂੰ ਨਾ ਦਸੇ। ਅਰਥਾਤ ਸਮਾਨਤਾ ਤੇ ਏਕਤਾ ਸੀ। ਜਿਹਨਾਂ ਨੂੰ ਉਹ ਸੂਬੇ ਸਦਦੇ ਸਨ ਉਹ ਵੀ ਦੀਵਾਨ ਦੇ ਲਾਗੇ ਸਾਧਾਰਨ ਸੇਵਕਾਂ ਵਾਂਗ ਸੰਗਤ ਵਿਚ ਪਏ ਫਿਰਦੇ ਕੰਮ ਕਰਦੇ ਸਨ।

ਮੈਂ ਉਥੇ ਜਾ ਕੇ ਅਖੰਡ ਪਾਠ ਜਿਥੇ ਹੁੰਦਾ ਸੀ, ਦਰਸ਼ਨ ਕੀਤਾ ਫੇਰ ਵਰਨੀਆਂ ਦਾ (ਇਹ ਪੁਰਾਤਨ ਤਰੀਕਾ ਅਖੰਡ ਭਜਨ ਦਾ ਸ੍ਰੀਮਾਨ ਮਹਾਰਾਜ ਰਾਮ ਸਿੰਘ ਜੀ ਨੇ ਪ੍ਰਚਲਤ ਕੀਤਾ ਹੈ, ਜੋ ਚੁਪ ਚਾਪ ਹੁੰਦਾ ਹੈ)। ਅਸੀਂ ਚਾਰ ਸਾਥੀ ਸਾਂ, ਜੋ ਰਾਤ ਇਸ ਦੀਵਾਨ ਵਿਚ ਰਹੇ। ਆਮ ਜਨਤਾ ਵਿਚ ਸਾਨੂੰ ਇਕ ਖੁਲ੍ਹੇ ਕਮਰੇ ਵਿਚ ਛੋਈ ਵਿਛੀ ਹੋਈ ਉਤੇ ਜਗ੍ਹਾ ਮਿਲ ਗਈ। ਸੇਵਾਦਾਰਾਂ ਨੇ ਸਾਨੂੰ ਬਿਸਤਰ ਪ੍ਰੇਮ ਨਾਲ ਛੋਈ ਦੇ ਉਤੇ ਵਿਛਾ ਦਿਤੇ। ਇਹਨਾਂ ਵਿਚ ਇਕ ਬੜੇ ਉਚੇ ਲੰਮੇ, ਤਬੀਅਤ ਦੇ ਜਵਾਨ ਜਹੇ ਸਡੋਲ ਸਜਣ ਵੀ ਸਾਨੂੰ ਬਿਸਤਰੇ ਵਿਛਾ ਕੇ ਦੇਂਦੇ ਸਨ। ਉਹ ਡੇਰਾ ਕਰਾਕੇ ਲੰਗਰ ਵਲ ਨੂੰ ਲੈ ਗਏ ਸੀ। ਪਤਾ ਲਗਾ ਜੋ ਏਹ ਸ੍ਰ: ਆਤਮਾ ਸਿੰਘ ਜੀ ਸੰਪ੍ਰਦਾਇ ਕਾਨਫਰੰਸ ਦੇ ਕਰਮਚਾਰੀਆਂ ਵਿਚੋਂ ਹੈ ਸਨ। ਉਹਨਾਂ ਦੀਆਂ ਗਲਾਂ ਵਿਚੋਂ ਐਉਂ ਪ੍ਰਤੀਤ ਹੁੰਦਾ ਸੀ, ਜੀਕੂੰ ਪੰਥ ਲਈ ਕਾਫ਼ੀ ਸਾਰਾ ਦਰਦ ਰਖਦੇ ਹਨ।

ਲੰਗਰ ਵਿਚ ਬਹੁਤ ਸਾਦਾ ਤਰੀਕੇ ਨਾਲ ਲੰਗਰ ਤਿਆਰ ਹੋ ਰਿਹਾ ਸੀ। ਉਸੇ ਪਰਾਲੀ ਉਤੇ ਆਜਾਦਾਨਾ ਤਰੀਕੇ ਨਾਲ ਪ੍ਰਸ਼ਾਦ ਮਿਲਿਆ, ਪਰ ਜਿਸ ਭਾਵ ਤੇ ਪਿਆਰ ਨਾਲ ਸੇਵਾਦਾਰ ਛਕਾਂਦੇ ਸੀ, ਉਸ ਨਾਲ ਉਹ ਸਵਾਦ ਆਯਾ, ਜੋ ਘਰ ਵੀ ਨਹੀਂ ਆਉਂਦਾ। ਢਾਈ ਘੰਟੇ ਸੰਤ ਮੰਗਲ ਸਿੰਘ ਦੇ ਹਸੋਕੜੇ ਪਰ ਯੁਕਤੀ ਪੂਰਤ ਬਿਲਾਸਾਂ ਨਾਲ ਚਿਤ ਪਰਚਿਆ ਰਿਹਾ। ਘੜੀ ਡਿਠੀ ਤੇ ੧੧ ਵਜੇ ਦੇ ਕਰੀਬ ਸੀ ਬਾਹਰ ਡਿਠਾ ਤੇ ਦੀਵਾਨ ਲਗਾ ਹੋਇਆ ਸੀ, ਜੋ ਸਾਰੀ ਰਾਤ ਰਹਿਣਾ ਸੀ ਤੇ ਜਿਸ ਵਿਚ ਸ਼ਬਦ ਰਸ ਵਸ ਕੂਕਾਂ ਵਜਣ ਕਰਕੇ ਇਹਨਾਂ ਦਾ ਨਾਮ ਕੂਕੇ ਪਿਆ ਹੋਇਆ ਹੈ।

ਹੁਣ ਸੌਣ ਦਾ ਵੇਲਾ ਸੀ, ਪਰ ਮਹਾਰਾਜ ਪ੍ਰਤਾਪ ਸਿੰਘ ਹੋਰਾਂ ਦਾ ਪ੍ਰੋਗਰਾਮ ਪੁਛਿਆ ਤਾਂ ਪਤਾ ਲਗਾ ਜੋ ਸਵੇਰੇ ਆਪ ਦੀਵਾਨ ਲਗਾ ਦੇਂਦੇ ਹੈਨ। ਪਰ ਮੁਸ਼ਕਿਲ ਏਹ ਸੀ, ਕਿ ਪੰਜ ਵਜੇ ਹੀ ਬੈਠ ਜਾਂਦੇ ਹੈਨ ਤੇ ਜੋ ਕੋਈ ਉਸ ਤੋਂ ਪਹਿਲੇ ਹੀ ਇਸ਼ਨਾਨ ਕਰਕੇ ਜਾ ਪੁਜੇ—ਬੈਠ ਸਕਦਾ ਹੈ, ਦੂਸਰਾ ਨਹੀਂ। ਪਤਾ ਲਗਾ ਜੋ ਮਹਾਰਾਜ ਤੇ ਸਵੇਰੇ ਹੀ ਸਣੇ ਕੇਸੀ ਅਸ਼ਨਾਨਨ ਕਰਕੇ ਪੂਰੇ ਪੰਜ ਵਜੇ ਆ ਜਾਂਦੇ ਹੈਨ ਤੇ ਸਾਢੇ ਸਤ ਵਜੇ ਤਕ ਜੇ ਪ੍ਰੇਮ ਦਾ ਕੀਰਤਨ ਨਾ ਕਰਨ, ਤਾਂ ਉਹਨਾਂ ਨੂੰ ਰਸ ਹੀ ਨਹੀਂ ਆਉਂਦਾ।[1]

ਇਹ ਸੁਣ ਕੇ ਸਾਨੂੰ ਫਿਕਰ ਲਗਾ ਕਿ ਪੰਜ ਵਜੇ ਤੋਂ ਪਹਿਲੇ ਹੀ ਉਠਕੇ ਅਸ਼ਨਾਨ ਕਰਕੇ ਹਾਜ਼ਰ ਹੋਣਾ ਹੈ। ਮੁਸ਼ਕਲ ਦਿਸੀ, ਜੋ ਅਸੀਂ ਤੇ ਗਰਮ ਪਾਣੀ ਦੀ ਅਣਹੋਂਦ ਦੇ ਖਿਆਲ ਨਾਲ ਘਰੋਂ ਕਛਹਿਰੇ ਵੀ ਨਹੀਂ ਲਿਆਏ ਸਾਂ, ਪਰ ਸਾਨੂੰ ਧੀਰਜ ਆਈ, ਜਾਂ ਸੁਣਿਆ ਜੋ ਮਹਾਰਾਜ ਕਿਸੇ ਖਾਸ ਸੂਰਤ ਵਿਚ ਕਿਸੇ ਓਪਰੇ ਨੂੰ ਆਵਣ ਦੀ ਮਾਫੀ ਵੀ ਦੇ ਦੇਂਦੇ ਹੈਨ।

ਗਲ ਕੀ ਅਸੀਂ ਇਹਨਾਂ ਛੋਈ ਦੇ ਬਿਸਤਰਿਆਂ ਉਤੇ ਸੁਤੇ, ਪਰ ਨਿਘ ਘਰ ਦੇ ਬਿਸਤਰਿਆਂ ਕੋਲੋਂ ਵੀ ਵਧ ਹੀ ਸੀ। ਇਹ ਫਿਕਰ ਸੀ ਕਿ ੫ ਵਜੇ ਤੋਂ ਪਹਿਲੇ ਹੀ ਉਠੀਏ। ਸੋ ਫਿਕਰ ਨਾਲ ੪ ਵਜੇ ਹੀ ਜਾਗ ਆ ਗਈ। ਉਠ ਕੇ ਜੰਗਲ ਨੂੰ ਗਏ ਤੇ ਖੂਹ ਤੇ ਪੁਜੇ। ਉਥੇ ਜਾ ਕੇ ਡਿਠਾ, ਜੋ ਸੰਗਤ ਏਥੇ ਅਸ਼ਨਾਨ ਨੂੰ ਆਵਨ ਲਗ ਪਈ ਹੈ। ਅਜ ਮਾਘ ਦੀ ਪਹਿਲੀ ਤੇ ਜਨਵਰੀ ਦੀ ੧੨ ਸੀ। ਸਿਆਲ ਭਰ ਜੋਬਨ ਤੇ ਸੀ, ਰਾਤ ਦੇ ਚਾਰ ਵਜੇ ਸੀ ਤੇ ਪਿੰਡੋਂ ਬਾਹਰ ਵਾਰ। ਮੈਂ ਕਿਹਾ ਕਿ ਏਹ ਲੋਕ ਕਿਉਂ ਬਿਪਤਾ ਭੋਗਦੇ ਹੈਨ ਤੇ ਐਸ ਵੇਲੇ ਠੰਢੇ ਪਾਣੀ ਨਾਲ ਹਵਾ ਵਿਚ ਨ੍ਹਾਉਂਦੇ ਹੈਨ। ਦੂਜੇ ਪਾਸੇ ਘਰਾਂ ਵਲ ਨਲਕਾ ਖਟ ਖਟ ਕਰਦਾ ਸੀ। ਜਿਥੇ ਮਹਾਰਾਜ ਹੋਰੀਂ ਬਰਾਜਦੇ ਸੀ ਪਰ ਉਹ ਤੇ ਆਪ ਸੁਣਿਆ ਹੈ ਜੋ ਦੋ ਵਜੇ ਹੀ ਉਠ ਕੇ ਅਸ਼ਨਾਨ ਕਰਕੇ ਨਿਤਨੇਮ ਕਰਦੇ ਹੈਨ।

ਮੈਂ ਖੂਹ ਉਤੇ ਸੋਚ ਰਿਹਾ ਹੀ ਸਾਂ ਕਿ ਇਹਨਾਂ ਲੋਕਾਂ ਨੂੰ ਨਾ ਹਵਾ ਲਗਣ ਦਾ ਤੇ ਨਾ ਹੀ ਨਮੋਨੀਏ ਦਾ ਡਰ ਹੈ। ਏਹ ਐਡੇ ਦਲੇਰ ਤੇ ਨਿਡਰ ਹੈਨ, ਸ਼ਾਇਦ ਇਹਨਾਂ ਨੇ ਕਦੇ ਨਮੋਨੀਆਂ ਡਿਠਾ ਹੀ ਨਹੀਂ। ਏਹ ਪਾਣੀ ਨਾਲ ਖੇਡ ਰਹੇ ਹੈਨ, ਫੇਰ ਬਾਹਰ ਹਵਾ ਵਿਚ।

ਮੈਂ ਹੋਰ ਹੈਰਾਨ ਹੋਇਆ ਜਦੋਂ ਮੈਂ ਡਿਠਾ ਕਿ ਹੁਣ ਤੇ ਦੇਵੀਆਂ ਵੀ ਆ ਰਹੀਆਂ ਹਨ। ਉਹ ਮਰਦਾਂ ਤੋਂ ਵੀ

---

1. ਸਤਿਗੁਰੂ ਜੀ ਪੰਜ ਵਜੇ ਤੋਂ ਬਹੁਤ ਪਹਿਲਾਂ ਹੀ ਆ ਬਿਰਾਜਕੇ ਸਨ ਪਰ ਪੰਜ ਵਜੇ ਮੱਥਾ ਟੇਕਣ ਤੇ ਰੋਕ ਲਾ ਕੇ ਇਕ ਚਿਤ ਹੋ ਕੇਵਲ ਕੀਰਤਨ ਦਾ ਅੰਮ੍ਰਿਤ ਹੀ ਚਖਦੇ ਤੇ ਵੰਡਦੇ ਸਨ। —ਸੰਪਾਦਕ ਵਰਿਆਮ


Sri Satguru Jagjit Singh Ji eLibrary NamdhariElibrary@gmail.com

ਵਧ ਹੁਸ਼ਿਆਰ ਸਨ । ਹੈਸੀ ਹਨੇਰਾ ਕੁਛ । ਉਹ ਨਹਾਵਣ ਲਗੀਆਂ ਬੁਢੀਆਂ ਵਿਚ ਰਲ ਵਰਤਨ ਦੀ ਐਸੇ ਮੌਕੇ ਆਦਤ ਹੁੰਦੀ ਹੈ, ਦੋ ਰਲਕੇ ਪਰਦਾ ਕਰ ਲੈਂਦੀਆਂ ਤੇ ਤੀਜੀ ਨ੍ਹਾ ਲੈਂਦੀ ਸੀ । ਰਾਤ ਦੇ ਸਵਾ ਚਾਰ ਵਜੇ ਸੀ ।

ਮੈਂ ਖੂਹ ਦੇ ਪਡਾਣੇ ਵਿਚ ਵੜਿਆ ਤੇ ਇਕ ਬੁਢੀ ਕਹਿਣ ਲਗੀ, ਭਰਾ ਜੀ ਜਰਾ ਖੂਹ ਗੇੜਨਾ ਮੈਂ ਨਹਾ ਲਵਾਂ । ਮੈਨੂੰ ਗੁਸਾ ਆਇਆ ਕਿ ਏਹ ਬੁਢੀ ਗਵਾਰ ਹੈ ਮੇਰੀ ਕਦੋਂ ਕੁ ਦੀ ਵਾਕਫ ਹੈ ? ਐਉਂ ਬੋਲਦੀ ਹੈ ਜਿਵੇਂ ਕਿਸੇ ਜਾਣੂ ਜਾਂ ਨੌਕਰ ਨੂੰ ਕਹੀਦਾ ਹੈ ।

ਪਰ ਇਸ ਵੇਲੇ ਮੈਨੂੰ ਆਪ ਹੀ ਸ਼ਰਮ ਆਈ ਜੋ ਏਸ ਵੇਲੇ ਨਾਵਣਾਂ ਮੌਤ ਹੈ, ਨਮੂਨੀਏ ਦਾ ਡਰ ਹੈ, ਪਰ ਇਸ ਬਹਾਦੱਰ ਮਾਈ ਬੁਢੀ ਨੂੰ ਸ਼ਾਬਾਸ਼ ਹੈ, ਜੋ ਮੈਂ ਨਹਾ ਵੀ ਨਹੀਂ ਸਕਦਾ । ਖੂਹ ਗੇੜ ਕੇ ਨੁਹਾਇਆ । ਛਡਨ ਲਗਾ ਤਾਂ ਇਕ ਹੋਰ ਫੇਰ ਬੋਲ ਪਈ, ਭਰਾ ਜੀ ਦੋ ਫੇਰੇ ਹੋਰ ਗੇੜਨੇ । ਦੋ ਫੇਰੇ ਦੇ ਕੇ ਮੈਂ ਛਡਨ ਲਗਾ ਹੀ ਸਾਂ ਕਿ ਮਗਰਲੀ ਬੁੱਢੀ ਨੇ ਮੇਰਾ ਧੰਨਵਾਦ ਕੀਤਾ ਤੇ ਕਹਿਣ ਲਗੀ "ਭਰਾ ਜੀ ਥੋੜੀ ਜਹੀ ਮਿਹਰਬਾਨੀ ਹੋਰ ਕਰੋ, ਤਾਂ ਏਸ ਬਾਲ ਨੂੰ ਵੀ ਮੈਂ ਨਵ੍ਹਾ ਲਵਾਂ ।" ਮੇਰੀ ਹੈਰਾਨੀ ਦੀ ਕੋਈ ਹਦ ਨਾ ਰਹੀ, ਜਦੋਂ ਮੈਂ ਡਿੱਠਾ ਕਿ ਚੁੱਪ ਕਰਕੇ ਚਾਰ ਬਰਸ ਦੇ ਬਾਲ ਦਾ ਮੂੰਹ ਧੋ ਕੇ ਉਹ ਨਵਾਣ ਲਗੀ । ਉਹ ਬਾਲ ਵੀ ਕੁਸਕਿਆ ਨਾ ਤੇ ਮੂੰਹ ਧੋ ਕੇ ਆਡ ਦੇ ਥਲੇ ਹੋ ਗਿਆ । ਮਾਲੂਮ ਹੁੰਦਾ ਸੀ ਜੋ ਬਾਲ ਨੂੰ ਚਰੋਕਣੀ ਆਦਤ ਠੰਢੇ ਪਾਣੀ ਨਾਲ ਨਵ੍ਹਾਣ ਦੀ ਪਾਈ ਹੋਈ ਹੈ ।

ਮੈਨੂੰ ਉਦੋਂ ਸ਼ਰਮ ਆਈ, ਜੋ ਮੈਂ ਤੇ ਨਾਲ ਕੱਛ ਵੀ ਨਹੀਂ ਲਿਆਇਆ ਹੋਇਆ ਹਾਂ, ਜੋ ਗਰਮ ਪਾਣੀ ਨਹੀਂ ਮਿਲਣਾ । ਪਰ ਧੰਨ ਇਹ ਕੂਕੇ, ਜੋ ਐਸ ਵੇਲੇ ਸਣਕੇਸੀ ਅਸ਼ਨਾਨ ਕਰਦੇ ਹਨ ! ਧੰਨ ਇਹਨਾਂ ਦੀਆਂ ਘਰ ਦੀਆਂ ਤੇ ਧੰਨ ਇਹਨਾਂ ਦੇ ਬਾਲ ।

ਇਹ ਪੂਰ ਅਜੇ ਗਿਆ ਨਹੀਂ ਸੀ, ਜੋ ਹੋਰ ਆ ਗਿਆ । ਮੈਂ ਤੇ ਵਿਚੇ ਛੱਡ ਕੇ ਉਥੋਂ ਤੁਰਨ ਦੀ ਕੀਤੀ । ਦੀਵਾਨ ਵਲ ਆਏ । ਪੰਜ ਵਜਨ ਵਿਚ ਕੁਝ ਮਿੰਟ ਸਨ । ਗਿਲਿਆਂ ਕੇਸਾਂ ਵਾਲੇ ਨਾਮਧਾਰੀ ਪਰਨੇ ਲਪੇਟ ਕੇ ਬੈਠੇ ਸਨ ਦੀਵਾਨ ਸਜਿਆ ਹੋਇਆ ਸੀ, ਪਰ ਅਸਾਂ ਤੇ ਪੰਜ ਅਸ਼ਨਾਨ ਤੇ ਹੀ ਗੁਜਰਾਨ ਕੀਤੀ ਸੀ ਤੇ ਵਿਚੋਂ ਥੰਠਿਆਂ ਜਰੂਰ ਫੁਰਨਾ ਫੁਰਦਾ ਸੀ, ਜੋ ਅਸੀ ਤੇ ਸਿਨਮਾਂ ਦੇ ਰਿਆਇਤੀ ਟਿਕਟਾਂ ਵਾਲਿਆਂ ਮੁਫਤ ਖੋਰਿਆਂ ਵਿਚੋਂ ਹਾਂ ਏਥੇ ਬੈਠ ਤੇ ਜ਼ਰੂਰ ਹਾਂ, ਪਰ ਬੈਠਣ ਦੇ ਹਕਦਾਰ ਨਹੀਂ ਹਾਂ ।

ਪੰਜ ਵਜੇ ਸਵੇਰੇ ਦੀਵਾਨ ਵਿਚ ਮਹਾਰਾਜ ਗਿਲੇ ਕੇਸ ਨਿਤ ਨੇਮ ਤੋਂ ਵੇਹਲੇ ਹੋ ਕੇ, ਆਨ ਬਰਾਜੇ । ਮਾਮੂਲੀ ਫਰਸ਼ ਸੀ, ਸਿਵਾਏ ਮਿਟੀ ਦੇ ਦੀਵਿਆਂ ਦੇ, ਹੋਰ ਕੋਈ ਕੀਮਤੀ ਲੈਂਪ ਨਹੀਂ ਸੀ । ਆਪ ਦਿਨ ਨਿਕਲੇ ਤਕ ਬੜੇ ਪ੍ਰੇਮ ਤੇ ਮਗਨਤਾ ਵਿਚ ਲੀਨ ਹੋਏ ਕੀਰਤਨ ਕਰਦੇ ਰਹੇ । ਏਸ ਅੰਮ੍ਰਿਤ ਵੇਲੇ ਦੀ ਚੁੱਪ ਵਿਚ ਏਹ ਨਿਰੰਕਾਰੀ ਕੀਰਤਨ ਸੰਸਾਰੀ ਜੀਵਾਂ ਨੂੰ ਵੀ ਉਪ ਮੰਡਲ ਦਾ ਸੁਆਦ ਚਖਾ ਦੇਂਦਾ ਸੀ । ਸਚ ਖੰਡ ਦਾ ਹੀ ਦ੍ਰਿਸ਼ ਬੱਝਾ ਹੋਇਆ ਡਿਠਾ।ਆਸਾ ਦੀ ਵਾਰ ਪਿਛੋਂ ਅਖੰਡ ਪਾਠਾਂ ਦਾ ਭੋਗ ਪਿਆ ਤੇ ਦੀਵਾਨ ਸਜਿਆ ।

ਮਹਾਰਾਜ ਜੀ ਦੀਵਾਨ ਵਿਚ ਆਣ ਬਿਰਾਜੇ । ਸੰਗਤਾਂ ਵਾਂਗ ਹੀ ਸਾਦਾ ਖਦਰ ਦੇ ਕਪੜੇ ਤੇ ਦੇਸੀ ਲੋਈ ਸੀ । ਸੰਗਤਾਂ ਆਉਣ ਲਗੀਆਂ । ਉਸੇ ਤਰ੍ਹਾਂ ਸਾਦਗੀ ਤੇ ਸੁਭਾਵਕ ਤੌਰ ਨਾਲ ਬੈਠਣ ਲਗ ਗਈਆਂ । ਪ੍ਰਸੰਨ ਚੇਹਰੇ, ਬਿਨਾਂ ਤਕਲਫ ਬੈਠਦੇ ਜਾਂਦੇ ਸੀ । ਲੋਕ ਆਣ ਆਣ ਮਹਾਰਾਜ ਜੀ ਨੂੰ ਮਥਾ ਟੇਕਦੇ, ਬੱਚੇ ਬੀਬੀਆਂ ਆਉਂਦੇ ਖੁਲ੍ਹੇ ਦਿਲ ਲਾਡ ਨਾਲ ਮਿਲਦੇ,ਜੀਕੂੰ ਘਰ ਵਿਚ ਬਾਪੂ ਨਾਲ ਗਲਾਂ ਕਰੀ ਦੀਆਂ ਹਨ, ਤੇ ਮਹਾਰਾਜ ਵੀ ਐਉਂ ਰਾਜੀ ਹੁੰਦੇ ਸੁਖ ਸਾਂਦ ਪੁਛਦੇ, ਜੀਕੂੰ ਘਰ ਵਿਚ ਪੁਤਰਾਂ ਧੀਆਂ ਨਾਲ ਗਲਾ ਕਰੀਦੀਆਂ ਹੈਨ । ਬੱਚੇ ਵੀ ਹਸ ਹਸ ਕੇ ਮਿਲਦੇ ਸੀ। ਆਪ ਬਾਲਾਂ ਨਾਲ ਬਾਲਾਂ ਵਾਂਗ ਬਿਰਧਾਂ ਨਾਲ ਬਿਰਧਾਂ ਵਾਂਗ ਗਲਾਂ ਕਰਦੇ ਸੀ ਪ੍ਰਮਾਰਥ ਵਾਲਿਆਂ ਨਾਲ ਪ੍ਰਮਾਰਥ ਦੀਆਂ । ਬਹੁਤ ਖਿਆਲ ਆਪ ਦਾ ਏਹ ਸੀ ਜੋ ਸੰਗਤ ਵਿਚੋਂ ਕਿਸੇ ਦੀ ਪਿਠ ਸ੍ਰੀ ਗੁਰੂ ਗਰੰਥ ਸਾਹਿਬ ਵਲ ਨਾ ਹੋ ਜਾਵੇ, ਇਸ ਲਈ ਆਪ ਸੰਗਤ ਨੂੰ ਬਠਾਂਦੇ ਸੀ । ਆਪ ਦੀਆਂ ਗਲਾਂ ਸਿਧੀਆਂ ਸਾਦੀਆਂ, ਕੋਈ ਬਾਰੀਕ ਡੂੰਘੀ ਫਲਾਸਫੀ ਦੀਆਂ ਨਹੀਂ ਹੈ ਸਨ । ਸਾਧਾਰਨ, ਪਰ ਹਮ ਦਰਦੀ ਦੀਆਂ ਹੁੰਦੀਆਂ ਸੀ ਪਰ ਦਿਲ ਦੇ ਭਾਵ ਨਾਲ ਬੋਲੀ ਰਸ ਭਿੰਨੀ ਤੇ ਅਸਰ ਕਰਨ ਵਾਲੀ ਹੁੰਦੀ ਹੈ ਸੀ । ਜਿਸ ਨਾਲ ਇਕ ਪ੍ਰਮਾਰਥੀ ਦੇ ਹਿਰਦੇ ਉਤੇ ਡੂੰਘਾ ਅਸਰ ਪੈਂਦਾ ਸੀ । ਉਹਨਾਂ ਦੇ ਕੋਲ ਬੈਠਨ ਨਾਲ ਸ਼ਾਂਤੀ ਪ੍ਰਾਪਤ ਹੁੰਦੀ ਹੈਸੀ । ਸਵੇਰ ਦਾ ਵੇਲਾ ਸੀ, ਸਾਢੇ ਅਠ ਵਜ ਚੁਕੇ ਸੀ, ਸੰਗਤਾਂ ਭਾਈ ਨਧਾਨ ਸਿੰਘ ਜੀ "ਆਲਿਮ" ਦੇ ਕੀਰਤਨ ਲਈ ਬੜੀ ਚਾਹ ਨਾਲ ਉਡੀਕ ਵਿਚ ਸਨ । ਛੇਤੀ ਪਰਤ ਆਉਂਣ ਕਰਕੇ ਅਸੀਂ ਨਾ ਸੁਣ ਸਕੇ ।

×


Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਬਸੰਤ ਦੇ ਮਹਾਰਾਜ ਦੀ ਬਸੰਤ ਰੀਝ

—ਸ: ਗੁਰਬਖਸ਼ ਸਿੰਘ ਪ੍ਰੀਤ ਲੜੀ—

ਇਹ ਲੇਖ ਸਤਿਜੁਗ ਦੇ ੧੦ ਮਾਘ ਸੰਮਤ ੧੯੯੨ ਦੇ ਬਸੰਤ ਅੰਕ ਚੋਂ ਲਿਆ ਹੈ। ਮੰਤਵ ਇਸ ਦਾ ਅਜ ਤੋਂ ਪੜ ਸਾਲ ਪਹਿਲਾਂ ਲਿਖੀ ਗਈ ਪੰਜਾਬੀ ਅਤੇ ਲੇਖਕ ਦੇ ਵਿਚਾਰਾਂ ਨੂੰ ਨਵੀਨ ਪਾਠਕਾਂ ਦੇ ਦ੍ਰਿਸ਼ਟੀ ਗੋਚਰ ਲਿਆਉਣਾ ਹੈ। ਪਾਠਕ ਪੜ੍ਹਣਗੇ ਕਿ ਸਤਿਗੁਰੂ ਰਾਮ ਸਿੰਘ ਜੀ ਦੇ ਵਿਅਕਤਤ੍ਵ ਨੂੰ ਸਰਦਾਰ ਜੀ ਨੇ ਕਿਵੇਂ ਵਿਸ਼ਲੇਸ਼ਨ ਕਰਕੇ ਪੇਸ਼ ਕੀਤਾ ਹੈ। ਉਹਨਾਂ ਦੇ ਵਿਚਾਰ ਅਜ ਵੀ ਉਨੀ ਸਾਰਥਿਕਤਾ ਰਖਦੇ ਹਨ। ਇਸ ਲੇਖ ਦਾ ਸਿਰਲੇਖ ਵੀ ਅਸੀਂ ਉਹ ਹੀ ਰਖਿਆ ਹੈ। ਸੰਪਾਦਕ ਸਤਿਜੁਗ ਨੇ ਸ: ਗੁਰਬਖਸ਼ ਸਿੰਘ ਨੂੰ ਪੰਜਾਬ ਦਾ ਮਹਾਂ ਰਸਕ ਤੇ ਮਾਨਵ ਧਰਮ ਦਾ ਪੁਜਾਰੀ ਕਰਕੇ ਲਿਖਿਆ ਹੈ। ਸਰਦਾਰ ਜੀ ਬਾਰੇ ਸੰਪਾਦਕ ਸਤਿਜੁਗ ਦਾ ਤੁਆਰਫੀ ਨੋਟ ਵੀ ਅਸੀਂ ਜਿਉਂ ਦਾ ਤੂੰ ਪ੍ਰਕਾਸ਼ਤ ਕਰ ਰਹੇ ਹਾਂ।

—ਸੰਪਾਦਕ ਵਰਿਆਮ



ਸ੍ਰੀਮਾਨ ਸਰਦਾਰ ਗੁਰਬਖਸ਼ ਸਿੰਘ ਜੀ ਦੀ ਅਸਰ ਭਰੀ ਲੇਖਣੀ ਦੀਆਂ ਧੁੰਮਾਂ ਸਾਰੇ ਪੰਜਾਬੀ ਸੰਸਾਰ ਵਿਚ ਪਈਆਂ ਹੋਈਆਂ ਹਨ। ਆਪ ਮਨੁਖ ਮਾਤਰ ਸੀ ਸਾਂਝ ਅਤੇ ਏਕਤਾ ਦੇ ਸੁਨਹਿਰੀ ਸੁਫਨੇ ਵੇਖਣ ਵਾਲੇ ਉਹਨਾ ਗਿਣਤੀ ਦੇ ਲੇਖਕਾਂ ਵਿਚੋਂ ਹਨ, ਜੋ ਤਮਾਮ ਕਿਸਮ ਦੀਆਂ ਫਿਰਕੂ ਵੰਡਾਂ, ਧਾਰਮਕ ਤੁਅਸਬਾਂ ਅਤੇ ਨਕਲੀ ਵਖੇਵਿਆਂ ਤੋਂ ਅਡ ਰਹਿ ਕੇ ਸਰਬੱਤ ਦਾ ਭਲਾ ਲੋਚਨ ਵਾਲੇ ਹਨ। ਇਸ ਲੇਖ ਵਿਚ ਆਪ ਨੇ ਚੀਨੀ ਵਾਲੇ ਪਾਤਸ਼ਾਹ ਨੂੰ ਬੜੀ ਚੌੜੀ ਨਜ਼ਰ ਨਾਲ ਵੇਖਿਆ ਹੈ ਅਤੇ ਆਪਣੇ ਭਾਵਾਂ ਨੂੰ ਇਸ ਸੁੰਦਰਤਾ ਅਤੇ ਸੁੱਚਮਤਾ ਨਾਲ ਗੁੰਦਿਆ ਹੈ ਕਿ ਦਿਲ ਕਰਦਾ ਹੈ ਜੋ ਆਪ ਦੇ ਹੱਥਾਂ ਨੂੰ ਚੁਮ ਲਿਆ ਜਾਵੇ।

(ਸਤਿਜੁਗ ਦਾ ਸੰਪਾਦਕੀ ਨੋਟ)

ਆਮ ਦੁਨੀਆਂ ਸਮਝਦੀ ਹੈ ਕਿ ਮਹਾਂ ਪੁਰਖਾਂ ਦਾ ਬਿਹੁੰ ਹੀ ਸੁਨੇਹਾ ਭਜਨ ਬੰਦਗੀ ਹੁੰਦਾ ਹੈ। ਪਰ ਭਜਨ ਬੰਦਗੀ ਇਕ ਅਵਸਥਾ ਹੈ ਜਿਦੀ ਉਪਮਾਂ ਕਿਸੇ ਆਸ਼ਿਕ ਦੀ ਉਸ ਮਾਨਸਕ ਅਵਸਥਾ ਨਾਲ ਦਿਤੀ ਜਾ ਸਕਦੀ ਹੈ, ਜਦੋਂ ਅਖ ਕਿਸੇ ਆਕਰਖਣ ਹੁਸਨ ਨਾਲ ਲੜ ਚੁਕੀ ਹੁੰਦੀ ਹੈ। ਆਮ ਦੁਨੀਆਂ ਦੀ ਅਖ ਫੁਲਾਂ ਦੀ ਥਾਂ ਫਲਾਂ ਉਤੇ ਹੀ ਟਿਕਦੀ ਹੈ। ਏਸ ਅਖ ਵਿਚ ਭਜਨ ਬੰਦਗੀ ਦੀ ਅਨਭਵਤਾ ਪੈਦਾ ਹੀ ਨਹੀਂ ਹੁੰਦੀ, ਪਰ ਤੇਰਾਂ ਤਿੰਨਾਂ ਵਿਚ ਗਿਣੇ ਜਾਣ ਲਈ ਦੁਨੀਆਂ ਇਕ ਰਸਕ ਹੋਣ ਦਾ ਦਾਹਵਾ ਜ਼ਰੂਰ ਕਰਦੀ ਹੈ ਤੇ ਭਜਨ ਬੰਦਗੀ ਦੀ ਪ੍ਰਸੰਸਾ ਵਿਚ ਕਈ ਕਿਤਾਬਾਂ ਰਚਦੀ ਤੇ ਮੰਦਰ ਉਸਾਰਦੀ ਹੈ। ਏਸ ਚਤਰਾਈ ਨਾਲ ਦੁਨੀਆਂ ਆਪਣੇ ਅੰਤ੍ਹਾ-ਕਰਨ ਦੀ ਹੁਸਨ-ਮੰਗ ਜਿਸ ਨੂੰ ਧਰਮ-ਮੰਗ ਵੀ ਆਖਿਆ ਜਾਂਦਾ ਹੈ, ਚੁਪ ਕਰਾ ਕੇ ਮਾਇਕ ਸੁਆਦਾਂ ਵਿਚ ਲਗੀ ਰਹਿੰਦੀ ਹੈ। ਧਾਰਮਕ ਆਦਮੀ ਏਸੇ ਲਈ ਉਚ ਸਿੰਘਾਸਨਾਂ ਉਤੇ ਬੈਠੇ, ਵਿਹਲ ਤੇ ਬਹੁਲਤਾ ਵਿਚ ਖੁਸ਼ੀ ਹੋ, ਲੋਕਾਂ ਦੀ ਮਾਣਤਾ ਨਾਲ ਬੜੇ ਪ੍ਰਸੰਨ ਵੇਖੇ ਜਾਂਦੇ ਹਨ।

ਪਰ ਬਸੰਤ ਰੁਤ ਦੇ ਰੌਸ਼ਨ-ਜ਼ਮੀਰ ਮਹਾਰਾਜ ਰਾਮ ਸਿੰਘ ਜੀ ਸਿਖ ਦੁਨੀਆ ਵਿਚ ਦਸਾਂ ਪਾਤਸ਼ਾਹੀਆਂ ਦੇ ਮਗਰੋਂ ਪਹਿਲੇ ਮਹਾਂ ਪੁਰਖ ਹੋਏ ਹਨ, ਜਿਹਨਾਂ ਨੇ ਬੜੇ ਜ਼ੋਰ ਤੇ ਅਸਰ ਨਾਲ ਇਹ ਸਮਝਾਣ ਦਾ ਸਫਲ ਜਤਨ ਕੀਤਾ ਹੈ, ਕਿ ਭਜਨ ਬੰਦਗੀ ਸਿਰਫ ਸੁਚੱਜੇ ਸਾਧਨ ਹਨ, ਆਪਣੀਆਂ ਰੁਚੀਆਂ ਨੂੰ ਚੰਗਿਆਂ ਰਖਣ ਲਈ, ਹਸਤੀ ਦੇ ਅਸਲੇ ਨਾਲ ਲਿਵ ਜੋੜ ਕੇ ਕਬਜ਼ੇ ਦੇ ਭੁਲੇਖੇ ਤੋਂ ਬਚਿਆ ਰਹਿਣ ਲਈ, ਜੀਵਨ ਯਾਤਰਾ ਲਈ. ਸਮਰਥਾ ਪ੍ਰਾਪਤ ਕਰਨ ਲਈ। ਪਰ ਮਨੋਰਥ ਜ਼ਿੰਦਗੀ ਦਾ ਕੰਮਾਂ ਵਿਚ ਪ੍ਰਗਟ ਹੁੰਦੀ ਨੇਕੀ ਹੈ (Active goodness) ਨਾ ਕਿ ਕਿਸੇ ਭਾਂਤ ਦੀ ਅਡੋਲ ਸਮਾਧੀ (Passive worship)। ਨਿਜ ਮੁਕਤੀ ਦਾ ਆਦਰਸ਼ ਨਿਜ-ਲਾਭ ਜੇਡਾ ਹੀ ਖੁਦਗਰਜ਼ ਹੈ। ਇਹੀ ਕਾਰਨ ਹੈ ਕਿ ਨਿਰੋਲ ਆਪਣੀ ਮੁਕਤੀ ਲਈ ਰੁੱਝੇ ਹੋਏ ਆਦਮੀ ਬੜੇ ਕਠੋਰ ਚਿਤ ਵੇਖੇ ਜਾਂਦੇ ਹਨ। ਇਹ ਅਟਲ ਸਚਿਆਈ ਹੈ, ਕਿ ਜਿਹੜਾ ਕੋਈ ਸਰਬ-ਸਾਂਝ ਤੋਂ ਵਖਰਾ ਹੋ ਕੇ ਕੁਝ ਚਾਹੇਗਾ,


Sri Satguru Jagjit Singh Ji eLibrary NamdhariElibrary@gmail.com

ਉਸ ਵਿਚੋਂ ਚਲਦੇ ਪ੍ਰਵਾਹ ਵਾਲੀ ਲਚਕ ਤੇ ਨਿਰਮਾਣਤਾ ਜਾਂਦੇ ਰਹਿਣਗੇ।

ਮਹਾਰਾਜ ਰਾਮ ਸਿੰਘ ਜੀ ਦਾ ਪਤਲਾ ਸਰੀਰ, ਸੂਖਮ ਆਤਮਾ, ਭ੍ਰਾਤਰੀ ਪਰੇਮ, ਸੇਵਾ ਦੀ ਚਾਹ, ਦੇਸ ਦਾ ਇਸ਼ਕ, ਚਲਦੇ ਪ੍ਰਵਾਹ ਦੀ ਲਚਕ ਤੇ ਨਿਰਮਲਤਾ ਦੇ ਸਾਖੀ ਹਨ। ਉਹਨਾਂ ਦਾ ਸਾਰਾ ਜੀਵਨ ਏਸ ਬਸੰਤੀ ਰੀਝ ਦਾ ਵਿਕਾਸ ਹੈ, ਕਿ ਆਪਣਾ ਜੀਵਨ ਪ੍ਰਵਾਹ ਦੇਸ ਦੇ ਬੂਟੇ ਬੂਟੇ ਵਿਚ ਲੰਘਾ ਦਿਤਾ ਜਾਏ ਤੇ ਦੇਸ ਬਾਗ ਦੀ ਖੜ-ਖੜ ਕਰਦੀ ਪਤ-ਝੜੀ ਨੂੰ ਖਿੜ-ਖਿੜ ਪੈਂਦੀ ਬਸੰਤ ਵਿਚ ਵਟਾ ਦਿਤਾ ਜਾਏ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਪਿਛੋਂ ਇਹ ਰੀਝ ਮਜ਼ਬੀ ਉਤਸ਼ਾਹ ਦੀ ਮਸਤੀ ਵਿਚ ਮਹਾਰਾਜ ਰਾਮ ਸਿੰਘ ਜੀ ਦੇ ਬਸੰਤੀ ਹਿਰਦੇ ਵਿਚੋਂ ਹੀ ਨਿਕਲੀ ਹੈ। ਥੋੜੇ ਜਿਹੇ ਆਪਣੇ ਸਿਖਾਂ ਨੂੰ ਭਜਨ ਬੰਦਗੀ ਦੇ ਰਾਹ ਪਾ ਛਡਣਾ ਹੀ ਉਹਨਾਂ ਆਪਣਾ ਕਾਜ ਨਹੀਂ ਸਮਝਿਆ, ਸਗੋਂ ਉਹਨਾਂ ਦੀ ਦੂਰ ਦਰਸ਼ੀ ਅੱਖ ਨੇ ਵੇਖ ਲਿਆ ਤੇ ਸਰਬ-ਪਿਆਰ ਦੇ ਹਿਰਦੇ ਨੇ ਅਨੁਭਵ ਕਰ ਲਿਆ ਕਿ ਸਵੇ-ਪ੍ਰਸੰਨਤਾ ਲਈ ਆਲੇ ਦੁਆਲੇ ਦੀ ਪ੍ਰਸੰਨਤਾ ਅਵਸ਼ਯ ਹੈ। ਇਕ ਸਫਲ ਦੇਸ ਦੀ ਸਫਲ ਸਮਾਜ ਵਿਚੋਂ ਹੀ ਸਫਲ ਜੀਵਨ ਪੈਦਾ ਕੀਤਾ ਜਾ ਸਕਦਾ ਹੈ। ਤਿਤਰੀਆਂ ਦੇ ਖੰਭਾਂ ਦੇ ਰੰਗ ਉਹਨਾਂ ਬੂਟਿਆਂ ਵਰਗੇ ਹੀ ਹੋ ਜਾਂਦੇ ਹਨ, ਜਿਹਨਾਂ ਦੁਆਲੇ ਉਹ ਉਡਦੀਆਂ ਹਨ। ਗੁਲਾਮ ਦੇਸ, ਵਹਿਮਾਂ ਬਧੀ ਸਮਾਜ ਤੇ ਜਾਹਿਲ ਗੁਰਬਤ ਵਿਚੋਂ ਜੀਵਨ-ਮੁਕਤ ਪੈਦਾ ਕਰਨੇ ਕਠਨ ਹਨ।

ਏਸ ਅਨੁਭਵਤਾ ਨੇ ਮਹਾਰਾਜ ਰਾਮ ਸਿੰਘ ਜੀ ਦਾ ਜੀਵਨ ਆਮ ਮਜ਼ਬੀ ਪੇਸ਼ਵਿਆਂ ਨਾਲੋਂ ਵਖਰਾ ਬਣਾ ਦਿਤਾ। ਉਹਨਾਂ ਨੇ ਸਭ ਤੋਂ ਪਹਿਲੋਂ ਸਮਾਜ ਦੇ ਬੰਧਨ ਖੋਹਲੇ, ਇਸਤਰੀਆਂ ਦਾ ਪਰਦਾ ਹਟਾਇਆ, ਵਿਆਹ ਸੁਖਾਲੇ ਕੀਤੇ, ਖਾਣਾ ਪੀਣਾ ਤੇ ਪਹਿਰਾਵਾ ਸਾਦਾ ਕੀਤਾ, ਮਾਸ ਸ਼ਰਾਬ ਦੀਆਂ ਸੁਆਦਲੀਆਂ ਖੁਭਣਾਂ 'ਚੋਂ ਕਢਿਆ, ਹਰ ਭਾਂਤ ਦੇ ਵਿਖਾਲੇ ਨੂੰ ਵਿਵਰਜਿਤ ਕੀਤਾ। ਇਮਾਰਤਾਂ ਦੇ ਜਾਦੂ ਤੋਂ ਜਾਨ ਛੁਡਾਈ, ਭਜਨ ਕੀਰਤਨ ਲਈ ਖੁਲ੍ਹੇ ਆਕਾਸ਼ ਦੇ ਪ੍ਰਭਾਵ ਦੀ ਮਹਿਮਾ ਕੀਤੀ, (ਭੈਣੀ ਸਾਹਿਬ ਵਿਖੇ ਅੰਮ੍ਰਿਤ ਵੇਲੇ ਦੇ ਦੀਵਾਨ ਬਾਹਰ ਮੈਦਾਨ ਵਿਚ ਹੀ ਲਗਦੇ ਹਨ। ਉਥੇ ਆਲੀਸ਼ਾਨ ਛੱਡ ਕੇ, ਸਾਦਾ ਜਿਹਾ ਗੁਰਦੁਆਰਾ ਵੀ ਨਹੀਂ, ਪਰ ਜੋ ਰਸ ਕੀਰਤਨ ਦਾ ਉਥੇ ਹੈ, ਉਹ ਮੈਨੂੰ ਕਿਸੇ ਹੋਰ ਥਾਂ ਨਹੀਂ ਆਇਆ)। ਕਿਰਤ ਕਰਕੇ ਖਾਣ ਨੂੰ ਜ਼ਿੰਦਗੀ ਦੇ ਮੁਖ ਨੇਮਾਂ ਵਿਚ ਸ਼ਾਮਲ ਕੀਤਾ। ਕੋਈ ਨਾਮਧਾਰੀ ਸਾਧੂ ਜਾਂ ਮੰਗਤਾ ਅਜੇ ਤਕ ਮੇਰੇ ਕੋਲ ਨਹੀਂ ਆਇਆ। ਮਹਾਰਾਜ ਜੀ ਦਾ ਮੈਂ ਇਹ ਬੜਾ ਉਪਕਾਰ ਸਮਝਦਾ ਹਾਂ, ਕਿਉਂਕਿ ਧਾਰਮਕ ਮੰਗਤੇ ਨਾਲੋਂ ਸਬਰ ਨੂੰ ਛਿਥਿਆਂ ਪਾਣ ਵਾਲੀ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ ਧਾ. ੧੨ਵੀਂ



ਸੂਰਤ ਹੋਰ ਮੈਨੂੰ ਕੋਈ ਨਹੀਂ ਜਾਪਦੀ।

ਏਸ ਤੋਂ ਪਿਛੋਂ ਉਹਨਾਂ ਸਾਰੇ ਦੇਸ ਦੀ ਭਲਿਆਈ ਨੂੰ ਸਾਹਮਣੇ ਰਖਿਆ। ਕਿਉਂਕਿ ਚੰਗੇ ਬਾਗਾਂ ਵਿਚ ਹੀ ਚੰਗੇ ਪੰਛੀ ਰਹਿ ਸਕਦੇ ਹਨ, ਅਮੀਰ ਹਰਿਆਵਲਾਂ ਵਿਚ ਹੀ ਪੰਛੀਆਂ ਦੇ ਖੰਭਾਂ ਉਤੇ ਅਮੀਰੀ ਦੀ ਝਲਕਾਰ ਆ ਸਕਦੀ ਹੈ। ਦਲਿਦਰੀ ਮੁਲਕਾਂ ਵਿਚ ਮਜ਼ਬ ਤੇ ਕਈ ਚੰਗੇ ਚੰਗੇ ਪੈਦਾ ਹੋ ਸਕਦੇ ਹਨ, ਜੀਕਰ ਰੋਗੀ ਸ਼ਹਿਰਾਂ ਵਿਚ ਯੋਗ ਹਕੀਮ, ਪਰ ਰਾਮ ਨਗਰੀ ਨਹੀਂ ਆਬਾਦ ਹੋ ਸਕਦੀ। ਰਾਮ ਨਗਰੀ ਵਸਾਣ ਲਈ ਹਸਦੀ, ਰਸਦੀ ਤੇ ਸੁਤੰਤਰਤਾ ਲੋਕਾਈ ਦੀ ਲੋੜ ਹੈ।

ਏਸ ਲਈ ਖੁਸ਼ਹਾਲੀ ਤੇ ਸੁਤੰਤਰਤਾ ਨੂੰ ਮਹਾਰਾਜ ਨੇ ਆਪਣਾ ਵਿਰਦ ਬਣਾ ਲਿਆ। ਸੁਤੰਤਰ ਦੇਸ਼ ਦੀ ਖਾਬ ਆਪਣੇ ਸਿਖਾਂ ਦੇ ਮਨਾਂ ਵਿਚ ਵਸਾ ਦਿਤੀ। ਸਵਦੇਸ਼ੀ ਦਾ ਅਜਿਹਾ ਮੰਤਰ ਪੜ੍ਹਾਇਆ ਕਿ ਕਾਂਗਰਸ ਨਾਲੋਂ ਵੀ ਵਧੀਕ ਸੁੱਚੇ ਸੁਦੇਸ਼ੀ ਜੇ ਲਭਣੇ ਹੋਣ ਤਾਂ ਨਾਮਧਾਰੀਆਂ ਵਿਚੋਂ ਹੀ ਮਿਲਣਗੇ। ਕਾਂਗਰਸ ਦੀ ਪ੍ਰਭਤਾ ਜਦੋਂ ਘਟ ਜਾਂਦੀ ਹੈ, ਸਵਦੇਸ਼ੀ ਦੀ ਵਰਤੋਂ ਵੀ ਘਟ ਜਾਂਦੀ ਹੈ, ਪਰ ਨਾਮਧਾਰੀ ਕੋਈ ਟਾਵਾਂ ਹੀ ਐਸਾ ਲਭ ਸਕੇਗਾ ਜਿਹਦੇ ਲਈ ਸਵਦੇਸ਼ੀ ਉਹਦੇ ਧਾਰਮਕ ਭਰੋਸੇ ਦਾ ਅੰਗ ਨਹੀਂ ਬਣ ਚੁਕਿਆ।

ਆਮ ਤੌਰ ਤੇ ਧਰਮ ਸਰਕਾਰ ਦੀ ਆਸਾਨੀ ਹੁੰਦਾ ਹੈ



Sri Satguru Jagjit Singh Ji eLibrary NamdhariElibrary@gmail.com

ਤੇ ਧਾਰਮਕ ਗਦੀਆਂ ਉਤੇ ਵਿਰਾਜਨ ਵਾਲੇ ਵਕਤ ਦੀ ਸੁਰਕਾਰ ਦੇ ਭਾਈਵਾਲ ਹੁੰਦੇ ਹਨ। ਸਰਕਾਰ ਦਾ ਹੱਥ ਉਹਨਾਂ ਦੀਆਂ ਕੰਡਾਂ ਉਤੇ ਤੇ ਉਹਨਾਂ ਦੀਆਂ ਸਾਰੀਆਂ ਪੇਸ਼ੀਨਗੋਈਆਂ, ਇਲਹਾਮ, ਉਪਦੇਸ਼ ਉਸ ਦੀ ਸੇਵਾ ਲਈ ਹਾਜ਼ਰ ਹੁੰਦੇ ਹਨ, ਪਰ ਮਹਾਰਾਜ ਰਾਮ ਸਿੰਘ ਜੀ ਨੇ ਇਹ ਪੁਸ਼ਪ-ਸੇਜਾ ਤਿਆਗ ਕੇ ਜਲਾਵਤਨੀ ਦੇ ਕੰਡਿਆਂ ਵਿਚ ਵਿਝਣਾ ਪ੍ਰਵਾਨ ਕੀਤਾ। ਉਹ ਵੀ ਜੇ ਚਾਂਹਦੇ ਤਾਂ ਹੋਰਨਾਂ ਵਾਂਗ ਅਖੌਤੀ ਧਰਮ ਦੇ ਪਰਚਾਰ ਦੇ ਆਸਰੇ ਨਿਰੀ ਮਾਨਤਾ ਤੇ ਅਮੀਰੀ ਵਿਚ ਰਹਿ ਸਕਦੇ ਸਨ ਤੇ ਹੋ ਸਕਦਾ ਹੈ, ਸਰਕਾਰ ਕਦੇ ਉਹਨਾਂ ਦੀ ਗਦੀ ਨੂੰ ਵੀ ਸਰ ਦਾ ਖਿਤਾਬ ਦੇ ਦੇਂਦੀ, ਪਰ ਅਜ ਇਹ ਗਦੀ ਏਨੇ ਵਰ੍ਹਿਆਂ ਦੀ ਇਹਤਿਆਤ ਦੇ ਬਾਵਜੂਦ ਵੀ ਬਾਗੀਆਂ ਵਿਚ ਗਿਣੀ ਜਾਂਦੀ ਹੈ। ਧਾਰਮਕ ਜਮਾਤ ਕੀਹ ਆਖ ਤੇ ਆਪਣੀ ਜ਼ਮੀਰ ਉਤੋਂ ਸਰਕਾਰੀ ਕ੍ਰਿਪਾ ਵਾਰ ਸਕਣ ਦੀ ਦਲੇਰੀ ਕੀਹ ਆਖ !

ਇਹ ਕ੍ਰਿਸ਼ਮਾ ਮਹਾਰਾਜ ਰਾਮ ਸਿੰਘ ਜੀ ਦੀ ਬਸੰਤੀ ਰੀਝ ਦਾ ਹੈ, ਜਿਸ ਰੀਝ ਨਾਲ ਉਹਨਾਂ ਹਿੰਦੁਸਤਾਨ ਨੂੰ ਇਕ ਸੁਤੰਤਰ ਦੇਸ਼ ਬਨਾਣ ਲਈ ਆਪਣਾ ਸਭ ਕੁਝ ਅਰਪਣ ਕਰ ਦਿਤਾ। ਏਸੇ ਰੀਝ ਨੂੰ ਪੂਰਿਆਂ ਕਰਨ ਲਈ ਉਹਨਾਂ ਆਪਣੇ ਸਿਖਾਂ ਨੂੰ ਸੇਵਾ ਦਾ ਸਬਕ ਦਿਤਾ। ਮੁੜ ਗੁਰੂ ਗੋਬਿੰਦ ਸਿੰਘ ਸਾਹਿਬ ਵਾਲੀ ਖ਼ਾਲਸਾ ਫੌਜ ਸਾਜਣ ਦਾ ਜਤਨ ਕੀਤਾ, ਉਹ ਫੌਜ ਜਿਹੜੀ ਆਪਣੇ ਸੁਆਦਾਂ ਤੇ ਅਰਥਾਂ ਨੂੰ ਲੋਕ ਸੇਵਾ ਤੋਂ ਵਾਰ ਸਕੇ। ਆਪਣੇ ਲਈ ਸਾਰੀ ਦੁਨੀਆਂ ਜੀਉਂਦੀ ਹੈ, ਪਰ ਖਾਲਸਾ ਉਹਨਾਂ ਆਤਮਾ ਦਾ ਸੰਗਠਣ ਤਜਵੀਜ਼ ਕੀਤਾ ਗਿਆ ਸੀ, ਜਿਹੜੀਆਂ ਦੂਜਿਆਂ ਲਈ ਜੀਉਨ ਤੇ ਮਰਨ ਲਈ ਤਿਆਰ ਹੋਣ। ਇਹ ਜੀਉਂਦੇ ਸ਼ਹੀਦਾਂ ਦਾ ਲਸ਼ਕਰ ਸੀ। ਨਿਜ-ਮੁਕਤੀ ਤੇ ਨਿਜ-ਸੁਖਾਂ ਦੇ ਚਾਹਵਾਨ ਖਾਲਸਾ ਨਹੀਂ ਆਖੇ ਜਾ ਸਕਦੇ। ਉਹ ਆਮ ਖਲਕਤ ਹਨ।

ਏਸ ਭਾਵ ਨਾਲ ਮਹਾਰਾਜ ਰਾਮ ਸਿੰਘ ਜੀ ਨੇ ਆਪਣੀ ਨਾਮਧਾਰੀ ਫੌਜ ਲਈ ਸੁਆਦ ਵਰਜ ਦਿਤੇ। ਲੋਕ-ਸੇਵਾ ਦਾ ਆਦਰਸ਼ ਸਭ ਤੋਂ ਮੋਹਰੇ ਰਖਿਆ। ਜੇ ਨਾਮਧਾਰੀ ਅੱਜ ਉਸ ਆਦਰਸ਼ ਨਾਲ ਪਰੇਰੇ ਹੋਏ ਨਹੀਂ ਜੀਉ ਰਹੇ, ਤਾਂ ਉਹ ਆਪਣੇ ਸਤਿਗੁਰੂ ਦੀ ਰੀਝ ਅਨੁਸਾਰ ਜੀਵਣ ਬਤੀਤ ਨਹੀਂ ਕਰ ਰਹੇ। ਮਹਾਰਾਜ ਦਾ ਆਸ਼ਾ ਨਾਮਧਾਰੀਆਂ ਦੀ ਗਿਣਤੀ ਵਧਾਣ ਲਈ ਟੈਕਨੀਕਲ ਗੁਰਮੰਤਰ ਪੜ੍ਹਾਣਾ ਨਹੀਂ ਸੀ, ਉਹ ਆਪਣੇ ਦੇਸ਼ ਵਿਚ ਉਹੋ ਬਸੰਤ ਖਿੜੀ ਵੇਖਣੀ ਚਾਹੁੰਦੇ ਸਨ, ਜਿਹੜੀ ਉਹਨਾਂ ਦੀ ਆਪਣੀ ਆਤਮਾ ਵਿਚੋਂ ਫੁਟ ਨਿਕਲੀ ਸੀ।

ਉਹ ਚਾਹੁੰਦੇ ਸਨ ਕਿ ਸਾਵੀਆਂ ਪੈਲੀਆਂ ਪੀਲੇ ਫੁਲਾਂ ਨਾਲ ਟਹਿਕਨ, ਲਦੇ ਬਾਗਾਂ ਵਿਚ ਪੰਛੀ ਚਹਿਕਣ, ਪੱਕੇ ਬੰਨਿਆਂ ਉਤੇ ਕਾਮੇ ਹਸਨ, ਹਰੇ ਚਮਨਾਂ ਵਿਚ ਬੱਚੇ ਖੇਡਣ ਸਵਛ ਵਿਹੜਿਆਂ ਵਿਚ ਚੂੜੇ ਛਣਕਣ ਤੇ ਚਰਖਿਆਂ ਦੀ ਘੁਣਕਾਰ ਆਵੇ, ਮਦਾਨਾਂ ਵਿਚ ਕਬਡੀਆਂ ਮਚਣ, ਮੰਡੀਆਂ ਵਿਚ ਢੇਰ ਲਿਸ਼ਕਣ, ਵਗਾਂ ਵਿਚ ਵਛਿਆਂ ਦੇ ਘੁੰਘਰੂ ਠਨਕਣ, ਕੌਂਸਲਾਂ ਵਿਚ ਮੁਦਬਰ ਸਜਣ ਤੇ ਦੇਸ਼ ਦੀ ਧਰਤੀ ਉਤੇ ਹਿੰਦੂ ਮੁਸਲਮ ਸਿਖ ਲਾ ਪਰਵਾਹ ਤੇ ਭਰੋਸੇ ਭਰੀ ਚਾਲ ਢਾਲ ਨਾਲ ਰੁੱਝੇ ਦਿਸਣ, ਜੀਕਰ ਕੋਈ ਮਾਲਕ ਆਪਣੇ ਘਰ ਦੇ ਵਿਹੜੇ ਵਿਚ ਹੁੰਦਾ ਹੈ, ਜਾਂ ਬਸੰਤ ਰੁਤ ਲਹਿ ਲਹਿ ਕਰਦੀਆਂ ਪੈਲੀਆਂ ਵਿਚ ਵਿਗਸ ਵਿਗਸ ਪਈ ਪੈਂਦੀ ਹੈ।

ਜਿਸ ਪੈਲੀ 'ਚੋਂ ਕਦੇ ਕਿਸੇ ਸਿੱਟੇ ਨੇ ਸਿਰ ਨਹੀਂ ਚੁਕਿਆ, ਉਸ ਵਿਚ ਹਲ ਵਾਹਿਆ ਵੀ ਕਿਸ ਕੰਮ ? ਜਿਸ ਧਨੀ ਦੇ ਬਚਿਆਂ ਗਲ ਲੀਰਾਂ ਵਗਣ, ਉਹਦਾ ਬੈਂਕਾਂ ਵਿਚ ਜੁੜਿਆ ਧਨ ਕਿਸ ਅਰਥ ? ਜਿਸ ਖਲਕਤ ਦੇ ਸਿਰ ਤਲਵਾਰਾਂ ਮਾਰੀਆਂ, ਉਹ ਦੀ ਖਾਲਕ ਦੀ ਪੂਜਾ ਕਿਸ ਲੇਖੇ ? ਉਹ ਮਜ਼੍ਹਬ ਕੀ ਜਿਦੇ ਪੈਰੋ ਲਾਹੌਰ ਦੀਆਂ ਗਲੀਆਂ ਵਿਚ ਲਹੂ ਦੀ ਹੋਲੀ ਖੇਡਣ !

ਮਹਾਰਾਜ ਰਾਮ ਸਿੰਘ ਜੀ ਤੇ ਹੋਰ ਸਾਰੇ ਅਸਲੀ ਮਹਾਂ ਪੁਰਖ ਸਮਾਜ ਦੇ ਆਚਾਰ, ਦੇਸ਼ ਦੀ ਖੁਸ਼ਹਾਲੀ ਤੇ ਸੁਤੰਤਰਤਾ ਨੂੰ ਹੀ ਉਹਨਾਂ ਦੇ ਧਰਮ ਦੀ ਕਸੌਟੀ ਸਮਝਦੇ ਹਨ। ਏਸੇ ਲਈ ਉਹ ਆਪਣਾ ਸਾਰਾ ਅਸਰ ਕੰਮਾਂ ਵਿਚ ਜਾਗਰਤੀ ਪੈਦਾ ਕਰਨ ਲਈ ਵਰਤਦੇ ਹਨ, ਉਹ ਲੋਕਾਂ ਨੂੰ ਉਭਾਰਦੇ ਹਨ, ਸਵੈ-ਸਨਮਾਨ ਸਿਖਾਂਦੇ ਹਨ, ਬੁਤਾਂ ਤੇ ਭਰਮਾਂ ਕੋਲੋਂ ਛੁਡਾ ਕੇ ਕੁਦਰਤ ਵਿਚ ਕਾਦਰ ਨੂੰ ਵੇਖਣਾ ਸਿਖਾਂਦੇ ਹਨ, ਪਰ ਧਰਮ ਦੀ ਓਟ ਲੈ ਕੇ ਮਾਨਤਾ ਦੀ ਭੁਖ ਪੂਰੀ ਕਰਨ ਵਾਲੇ ਅਖੌਤੀ ਧਾਰਮਕ ਪੁਰਖ ਸੁਰਗ ਦੇ ਲਾਰਿਆਂ ਤੇ ਅਗਲੀ ਦੁਨੀਆਂ ਦੀ ਮੁਕਤੀ ਨਾਲ ਵਰਤਮਾਨ ਜ਼ਿੰਦਗੀ ਦੀ ਮਹਿਮਾ ਘਟਾ ਕੇ ਜਨਤਾ ਨੂੰ ਬੇ ਯਕੀਨ, ਸ਼ੰਕਿਆਂ-ਭਰੀ ਤੇ ਡਾਵਾਂ ਡੋਲ ਬਣਾ ਦੇਂਦੇ ਹਨ, ਤਾਂ ਕਿ ਉਹ ਹਮੇਸ਼ਾਂ ਰਹਿਬਰੀ ਦੇ ਮੁਥਾਜ ਰਹਿਣ ਤੇ ਉਹਨਾਂ ਵਿਚ ਕਦੇ ਜਾਗਰਤਾ ਪੈਦਾ ਨਾ ਹੋ ਸਕੇ।

ਅਸਲੀ ਮਹਾਂ ਪੁਰਖ, ਗੁਰੂ ਗੋਬਿੰਦ ਸਿੰਘ ਸਾਹਿਬ ਵਾਂਗ ਆਪਣੀ ਮਾਨਤਾ ਦੇ ਵਿਰੁਧ ਬੜੀ ਕਰੜੀ ਆਗਿਆ ਦੇਂਦੇ ਹਨ।

ਅਜ ਹਿੰਦੁਸਤਾਨ ਦਾ ਸ਼ੋਕਮਈ ਦਲਿਦਰ, ਸਵੈ-ਭਰੋਸੇ ਦੀ ਅਣਹੋਂਦ, ਜਹਾਲਤ ਦੀ ਬਹੁਲਤਾ, ਰਸਮਾਂ ਤੇ ਭਰਮਾਂ ਦੀ ਗੁਲਾਮੀ, ਪੁਲੀਟੀਕਲ ਮਕਾਰੀ, ਧਾਰਮਕ ਨੇਸਤੀ, ਤੁਅਸਬਾਂ ਦੀ ਹਕੂਮਤ ਵੇਖ ਕੇ ਮੇਰੇ ਦਿਲੋਂ ਅਰਜ਼ੋਈ ਉਠਦੀ ਹੈ ਕਿ ਚੀਨੀ ਵਾਲੇ ਵਰਗਾ ਕੋਈ ਮਹਾਂ ਪੁਰਖ, ਜਿਹੜਾ ਧਾਰਮਕ ਰੁਚੀਆਂ ਦੀ ਧਰਮ-ਭੁਖ ਤੇ ਉਨਤੀ ਦੇ ਜਾਚਕਾਂ ਦੀ



Sri Satguru Jagjit Singh Ji eLibrary NamdhariElibrary@gmail.com

ਆਕਾਸ਼ ਭੂਖ, ਇਕੋ ਆਪਣੀ ਉਚੀ ਤੇ ਸੁਚੀ ਸ਼ਖਸੀਅਤ ਨਾਲ ਲਾਹ ਸਕਦਾ ਹੋਵੇ, ਸਾਡੇ ਦੇਸ਼ ਦੀਆਂ ਤਾਕਤਾਂ ਦੀ ਅਗਵਾਈ ਕਰੇ। ਨਾ ਮਾਦਾ ਪ੍ਰਸਤਾਂ ਦੀ ਧਨ-ਦੌੜ ਮਨ ਨੂੰ ਖਿਚਦੀ ਹੈ, ਤੇ ਨਾ ਧਰਮੀਆਂ ਦੇ ਮੋਰਚੇ, ਪਿਕਟਾਂ ਤੇ ਘਿਰਣਾ ਖਲਾਰਦੇ ਨਾਹਰੇ ਚੰਗੇ ਲਗਦੇ ਹਨ। ਨਾ ਧਨ ਦਾ ਤੋਲ ਪੂਰਾ ਜਾਪਦਾ ਹੈ, ਨਾ ਪਾਠਾਂ ਨਮਾਜ਼ਾਂ ਦੀ ਪਰਖ-ਹੀਨ ਤਕੜੀ। ਦੋਹਾਂ ਤਕੜੀਆਂ ਉਤੇ ਖੋਟੇ ਆਦਮੀ ਵੀ ਖਰੇ ਤੋਲੇ ਜਾ ਰਹੇ ਹਨ। ਕਿਸੇ ਸੁੱਚੇ ਤੋਲਣ ਹਾਰੇ ਲਈ ਮਨ ਤਾਂਘਦਾ ਹੈ, ਕਿਸੇ ਧਰਮ-ਕਾਂਟੇ ਲਈ ਲੋਚ ਦਾ ਹੈ, ਪੂਰੇ ਵਟਿਆਂ ਦੀ ਮੰਗ ਕਰਦਾ ਹੈ।

ਫੇਰ ਕੀਕਰ ਕਤਲਆਮਾਂ ਨੂੰ ਲੋਕ ਧਾਰਮਕ ਆਣ-ਸ਼ਾਨਾਂ ਆਖ ਕੇ ਭੁਲੇਖਾ ਪਾ ਸਕਣਗੇ, ਫੇਰ ਕੀਕਰ ਭਰਾਵਾਂ ਦੇ ਕਾਤਲ ਗਾਜ਼ੀ ਤੇ ਸ਼ਹੀਦ ਅਖਵਾ ਸਕਣਗੇ, ਫੇਰ ਕੀਕਰ ਭਰਾਵਾਂ ਦੇ ਦਿਲਾਂ ਵਿਚ ਘ੍ਰਿਣਾ ਦਾ ਜ਼ਹਿਰ ਪਾਣ ਵਾਲੇ ਧਾਰਮਕ ਲੀਡਰ ਤੇ ਅਮੀਰੁਲ ਮਿਲਤ ਸਮਝੇ ਜਾ ਸਕਣਗੇ, ਕੀਕਰ ਸਾਂਝੇ ਘਰ ਨੂੰ ਵੈਰੀਆਂ ਦੇ ਹਥੀਂ ਵੇਚਣ ਵਾਲੇ ਨਾਮਣੇ ਖੱਟ ਸਕਣਗੇ! ਬਗਲੇ ਭਗਤਾਂ ਦੀ ਸਮਾਧੀ ਦਾ ਪਾਜ ਖੁਲ੍ਹ ਜਾਏਗਾ ਝੂਠੇ ਵਰਾਗਾਂ ਦੀ ਤਹਿ ਵਿਚੋਂ ਫ਼ਰੇਬੀ ਐਸ਼ ਦਾ ਮੂੰਹ ਨੰਗਾ ਹੋ ਜਾਏਗਾ, ਤੇ ਪੰਥ, ਕੌਮ, ਦੇਸ਼ ਮਜ਼੍ਹਬੀਆਂ ਦੀਆਂ ਓਟਾਂ ਵਿਚੋਂ ਲੁਕ ਲੁਕ ਕੇ ਖਲਕਤ ਦਾ ਖੂਨ ਕਰਨ ਵਾਲਿਆਂ ਦੇ ਹਥਿਆਰ ਖੋਹ ਲਏ ਜਾਣਗੇ।

ਫੇਰ ਕੀ ਹੋਵੇਗਾ? ਜੋ ਮਹਾਰਾਗ ਰਾਮ ਸਿੰਘ ਜੀ ਦੀ ਰੀਝ ਸੀ।

"ਭੈਣਾਂ ਦੇ ਤਨ ਕਜੇ ਹੋਣਗੇ, ਭਰਾਵਾਂ ਦੇ ਢਿਡ ਭਰੇ ਹੋਣਗੇ, ਨਫਾਕ ਦਾ ਡੇਰਾ ਉਖੜੇਗਾ, ਪਿਆਰ ਦਾ ਸੂਰਜ ਚਮਕੇਗਾ, ਭਰਾ ਨੂੰ ਭਰਾ ਨਾਲ ਮਿਲਨੋਂ ਆਰ ਨਹੀਂ ਹੋਵੇਗੀ, ਰਹੇਗਾ ਬ੍ਰਹਿਮਣ ਜਾਂ ਕੋਈ ਚੁਮਾਰ ਨਹੀਂ, ਬੰਦਾ ਬੰਦਾ ਨਿਵਾਜ਼ ਨੂੰ ਵੇਖ ਲਏਗਾ, ਅਨੇਕ ਦੀ ਓਟ ਵਿਚ ਲੁਕੇ ਉਸ ਇਕ ਨੂੰ ਪੇਖ ਲਏਗਾ! ਗਨੀਮ ਰਹੇਗਾ ਨਾ ਫਕੀਰ ਰਹੇਗਾ, ਨਾ ਪਾਕ ਤੇ ਨਾ ਕੋਈ ਹਕੀਰ ਰਹੇਗਾ, ਨਫਾਕ ਦਾ ਸਾਇਆ ਦੂਰ ਹੋਵੇਗਾ, ਜਦੋਂ ਮਹਿਰਮ ਆਲਮ ਦਿਸ ਪਵੇਗਾ!

ਫੇਰ ਸਭ ਰੂਹਾਂ ਆਜ਼ਾਦ ਹੋਣਗੀਆਂ, ਨਾ ਕੌਮ ਦੀ ਕੈਦ, ਨਾ ਜ਼ਾਤ ਦੀ ਵੰਡ ਹੋਵੇਗੀ, ਨਾ ਕੋਈ ਮਹਿਕੂਮ ਤੇ ਨਾ ਕੋਈ ਹੁਕਮਰਾਨ ਹੋਣਗੇ, ਸਭੋ ਰਾਸਤੀ ਦੀ ਰਾਹ ਵਿਚ ਸ਼ਾਦ-ਮਾਨ ਹੋਣਗੇ।

"ਬਹਾਰ ਆਇਗੀ ਮੁੜ ਏਥੇ, ਉਖੜੇਗਾ ਖਿਜ਼ਾਂ ਡੇਰਾ।
ਬਹਿਸ਼ਤ ਹੋਇਗਾ ਧਰਤ ਉਤੇ, ਮੁੜ ਇਹ ਹਿੰਦੋਸਤਾਂ ਮੇਰਾ।"

×

# ਸਾਂਰਿਆਂ ਦਾ ਸਾਂਝਾ ਬਾਬਾ

—ਮਾਸਟਰ ਤਾਰਾ ਸਿੰਘ ਜੀ—

'ਸਤਿਜੁਗ' ਦੇ 'ਬਸੰਤ ਨੰਬਰ' ਲਈ ਮੈਥੋਂ ਲੇਖ ਦੀ ਮੰਗ ਕੀਤੀ ਗਈ ਹੈ। 'ਸ਼ਹੀਦ ਗੰਜ ਐਜੀਟੇਸ਼ਨ ਦੇ ਸਿਲ-ਸਿਲੇ ਵਿਚ ਬੇਹਦ ਰੁਝੇਵਾਂ ਹੋਣ ਕਰਕੇ ਭਾਵੇਂ ਮੈਂ ਕੋਈ ਲੰਮਾ ਲੇਖ ਤਾਂ ਲਿਖ ਨਹੀਂ ਸਕਦਾ, ਪਰ ਇਹ ਵੀ ਨਹੀਂ ਕਰ ਸਕਦਾ ਕਿ ਉਸ ਮਹਾਨ ਉਚੇ ਤੇ ਸੁਚੇ ਦੇਸ਼ ਭਗਤ ਤੇ ਸਿਖੀ ਦੇ ਉਧਾਰਕ ਸ੍ਰੀ ਬਾਬਾ ਰਾਮ ਸਿੰਘ ਜੀ ਮਹਾਰਾਜ ਦੀ ਯਾਦ ਵਿਚ ਦੋ ਸ਼ਬਦ ਲਿਖ ਕੇ ਆਪਣੀ ਕਲਮ ਨੂੰ ਪਵਿਤਰ ਨਾ ਕਰਾਂ।

ਸ੍ਰੀ ਬਾਬਾ ਜੀ ਦੀ ਪਵਿਤਰ ਜੀਵਨੀ ਪੜ੍ਹਕੇ ਮੈਨੂੰ ਨਿਸਚਾ ਹੋ ਗਿਆ ਹੈ ਕਿ ਸਿਖ ਰਾਜ ਦੇ ਅੰਤ ਪਿਛੋਂ ਸਿਖੀ ਦਾ ਝੰਡਾ ਉੱਚਾ ਕਰਨ ਵਾਲੇ ਮਹਾਂ ਪੁਰਸ਼ਾਂ ਵਿਚੋਂ ਆਪ ਸ਼ਰੋਮਣੀ ਹੋਏ ਹਨ। ਸਿਖਾਂ ਦੀ ਖੇਰੂੰ ਖੇਰੂੰ ਹੋਈ ਜਥੇਬੰਦੀ ਨੂੰ ਨਵੇਂ ਸਿਰੇ ਕਾਇਮ ਕਰਨ ਦਾ ਖਿਆਲ ਪਹਿਲੀ ਵਾਰ ਆਪ ਦੇ ਦਿਲ ਵਿਚ ਹੀ ਪੈਦਾ ਹੋਇਆ ਸੀ ਤੇ ਉਹ ਸਾਰੀਆਂ ਬੁਰਿਆਈਆਂ ਜੋ ਸਿਖਾਂ ਨੂੰ ਡੂੰਘੇ ਟੋਏ ਵਿਚ ਸੁਟਣ ਦਾ ਕਾਰਨ ਬਣੀਆਂ ਸਨ, ਉਹਨਾਂ ਨੂੰ ਦੂਰ ਕਰਨ ਦੀ ਵਿਉਂਤ ਵੀ ਆਪ ਨੇ ਹੀ ਸੋਚੀ ਸੀ।

ਆਪ ਨੇ ਸਭ ਤੋਂ ਪਹਿਲਾਂ ਸਿਖਾਂ ਨੂੰ ਭੁਲੀ ਹੋਈ ਸਿਖੀ ਦਾ ਚੇਤਾ ਕਰਾਇਆ ਤੇ ਨਾਮ, ਬਾਣੀ ਦਾ ਲੜ ਜੋ ਉਹਨਾਂ ਦੇ ਹਥੋਂ ਛੁਟ ਚੁਕਾ ਸੀ, ਬੜੇ ਪਿਆਰ ਨਾਲ ਉਹਨਾਂ ਦੇ ਹਥਾਂ ਵਿਚ ਦਿਤਾ। ਜਿਸ ਵੇਲੇ ਸਿਖਾਂ ਨੂੰ ਸਿਖੀ ਦਾ ਰੰਗ ਚੜ੍ਹਿਆ, ਉਹਨਾਂ ਦੀ ਅਣਖ ਅਤੇ ਬੀਰਤਾ ਨੇ ਹੁਲਾਰਾ ਖਾਧਾ ਅਤੇ ਉਹ ਸਾਰੇ ਦੇ ਸਾਰੇ ਦੇਸ਼ ਨੂੰ ਆਜ਼ਾਦ ਕਰਨ ਦਾ ਸੁਫਨਾ ਵੇਖਣ ਲਗ ਪਏ। ਜਥੇਬੰਦੀ ਨੂੰ ਵਧੇਰੇ ਮਜ਼ਬੂਤ ਕਰਨ ਲਈ ਪੰਜਾਬ ਨੂੰ ਅੱਡੋ ਅਡ ਸੂਬਿਆਂ ਵਿਚ ਵੰਡਿਆ ਗਿਆ ਤੇ ਹਰ ਸੂਬੇ ਦਾ ਅਡ ਸੂਬਾ ਮੁਕਰਰ ਕਰਕੇ ਤਾਕੀਦ ਕੀਤੀ ਗਈ ਕਿ ਸਿਖ ਆਪਣੇ ਫੈਸਲੇ ਆਪੋ ਆਪਣੇ ਸੂਬਿਆਂ ਪਾਸੋਂ ਕਰਵਾਇਆ ਕਰਨ। ਇਹ ਗਲ ਠੀਕ ਹੈ ਕਿ ਕਈਆਂ ਕਾਰਨਾਂ ਕਰਕੇ ਸ੍ਰੀ ਬਾਬਾ ਜੀ ਦਾ ਪਵਿਤਰ ਮਿਸ਼ਨ ਪਰਵਾਨ ਨਾ ਚੜ੍ਹ ਸਕਿਆ, ਪਰ ਇਸ ਗਲ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਉਹਨਾਂ ਨੇ ਸਿਖਾਂ ਵਿਚ ਗੁਰਮਤਿ ਨੂੰ ਪਰਵਿਰਤ ਕੀਤਾ ਅਤੇ ਬਦੇਸ਼ੀ ਸਰਕਾਰ ਦੇ ਵਿਰੁਧ ਨਾ ਮਿਲ-ਵਰਤਨ ਦੀ ਲਹਿਰ ਚਲਾ ਕੇ ਸਿਖਾਂ ਨੂੰ ਦੇਸ਼ ਭਗਤੀ ਦੀ ਸੰਥਾ ਪੜ੍ਹਾਈ।

ਆਪਣੇ ਪਿਆਰੇ ਦੇਸ਼ ਨੂੰ ਆਜ਼ਾਦ ਵੇਖਣ ਦੇ ਅਪਰਾਧ ਵਿਚ, ਆਪ ਆਪਣੇ ਕਈ ਮਸ਼ਹੂਰ ਸੂਬਿਆਂ ਸਣੇ ਜਲਾਵਤਨ


Sri Satguru Jagjit Singh Ji eLibrary NamdhariElibrary@gmail.com

https://archive.org/details/namdhari



ਸਭਨਾ ਦਾ ਸਾਂਝੇ ਮੰਚ : ਸ੍ਰੀ ਭੈਣੀ ਸਾਹਿਬ ਵਿਚ ਸਮਾਗਮ ਸਮੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਬੈਠੇ ਹਨ, ਪੰਡਿਤ ਜਵਾਹਰ ਲਾਲ ਨਹਿਰੂ, ਮਾਸਟਰ ਤਾਰਾ ਸਿੰਘ, ਡਾ: ਸੈਫੂਲਦੀਨ ਕਿਚਲੂ ਅਤੇ ਹੋਰ ਆਗੂ ।

ਕਰਕੇ ਨਜ਼ਰਬੰਦ ਕਰ ਦਿਤੇ ਗਏ ਅਤੇ ਸਿਖ ਕਿ ਜਿਹਨਾਂ ਦੀ ਆਨ ਸ਼ਾਨ ਕਾਇਮ ਕਰਨ ਲਈ ਉਹਨਾਂ ਨੇ ਇਹ ਭਾਰੀ ਕੁਰਬਾਨੀ ਕੀਤੀ ਸੀ, ਸਵਾਰਥ ਵਸ ਹੋ ਕੇ ਆਪ ਨੂੰ ਉਕਾ ਹੀ ਵਿਸਾਰ ਗਏ ।

ਜਿਵੇਂ ੧੯੧੪-੧੫ ਦੇ ਦੇਸ਼ ਭਗਤਾਂ ਨੂੰ ਅਸਿਖ ਕਹਿਕੇ ਵਧ ਤੋਂ ਵਧ ਸਜ਼ਾਵਾਂ ਦਿਵਾਣ ਵਾਲਿਆਂ ਨੇ ਆਪਣੇ ਦੇਸ਼ ਨਾਲ ਭਾਰੀ ਪਾਪ ਕੀਤਾ ਸੀ, ਇਸੇ ਤਰ੍ਹਾਂ ਸ੍ਰੀ ਬਾਬਾ ਜੀ ਦੀ ਚਲਾਈ ਹੋਈ ਨਾਮਧਾਰੀ ਲਹਿਰ ਨੂੰ ਤਬਾਹ ਕਰਨ ਦੀ ਜ਼ਿਮੇਵਾਰੀ ਵੀ ਅਜੇਹੇ ਲੋਕਾਂ ਦੇ ਸਿਰਾਂ ਪਤ ਹੀ ਸੀ, ਜੋ ਬਾਬਾ ਜੀ ਦੇ ਅਸਲ ਨਸ਼ਾਨੇ ਨੂੰ ਨਹੀਂ ਸਮਝਦੇ ਸਨ ਤੇ ਜਿਨ੍ਹਾਂ ਦੀਆਂ ਅਖਾਂ ਅਗੇ ਸਵਾਰਥ ਦੀ ਮੋਟੀ ਚਰਬੀ ਆਈ ਹੋਈ ਸੀ ।

ਅਜ ਅਸੀਂ ਰਲ ਮਿਲ ਕੇ ਉਸ ਪਾਵਨ ਆਤਮਾ ਤੇ ਸਚੇ ਦੇਸ਼ ਭਗਤ ਦੀ ਯਾਦ ਮਨਾ ਰਹੇ ਹਾਂ, ਅਜ ਹਰ ਸਿਆਣਾ ਸਿਖ ਮਹਿਸੂਸ ਕਰ ਰਿਹਾ ਹੈ ਕਿ ਉਸ ਪਿਆਰੇ ਨੇ ਜੋ ਕੁਝ ਕੀਤਾ ਸੀ, ਸਿਖੀ ਨੂੰ ਸਿਰ ਖੁਦ ਕਰਨ ਲਈ ਕੀਤਾ ਸੀ । ਅਜ ਸਾਡੇ ਵਿਚ ਉਹ ਪਹਿਲੀ ਨਫਰਤ ਨਹੀਂ, ਅਜ ਅਸੀਂ ਆਪੋ ਵਿਚ ਜੁੜ ਮਿਲ ਕੇ ਬੈਠਣ ਲਈ ਤਿਆਰ ਹਾਂ ਅਤੇ ਉਹ ਸਮਾਂ ਚਲਾ ਗਿਆ ਹੈ, ਜਦ ਸਾਡੇ ਕੰਨ ਸ੍ਰੀ ਬਾਬਾ ਜੀ ਦਾ ਨਾਮ ਸੁਣਨੋ ਵੀ ਸੰਗਦੇ ਸਨ । ਮੈਂ ਸ੍ਰੀ ਬਾਬਾ ਜੀ ਨੂੰ ਉਸੇ ਤਰ੍ਹਾਂ ਹੀ ਆਪਣਾ ਸਮਝਦਾ ਹਾਂ, ਜਿਸ ਤਰ੍ਹਾਂ ਮੇਰੇ ਨਾਮਧਾਰੀ ਵੀਰ ਉਹਨਾਂ ਨੂੰ ਆਪਣਾ ਸਮਝਦੇ ਹਨ । ਉਹ ਉਹਨਾਂ ਨੂੰ ਸਤਿਗੁਰੂ ਕਹਿਕੇ ਸਨਮਾਨਦੇ ਹਨ ਤੇ ਮੈਂ ਉਹਨਾਂ ਨੂੰ ਪਰਮ ਪੂਜਯ ਬਾਬਾ ਜੀ ਕਹਿੰਦਾ ਹਾਂ । ਕਹਿਣ ਵਿਚ ਥੋੜਾ ਜਿਹਾ ਫਰਕ ਹੈ, ਸਤਿਕਾਰ ਵਿਚ ਕੋਈ ਫਰਕ ਨਹੀਂ । ਮੈਂ ਚਾਹੁੰਦਾ ਹਾਂ ਕਿ ਆਪ ਦੇ ਪੁਰਬ ਨੂੰ ਸਾਰਾ ਪੰਥ ਮਿਲ ਕੇ ਮਨਾਇਆ ਕਰੇ ਤੇ ਉਹ ਉਪਕਾਰ ਜੋ ਆਪ ਨੇ ਸਾਡੇ ਉਪਰ ਕੀਤੇ ਹਨ, ਉਹਨਾਂ ਨੂੰ ਯਾਦ ਕਰਕੇ ਅਸੀਂ ਉਹਨਾਂ ਪੂਰਨਿਆਂ ਤੇ ਤੁਰਨ ਦਾ ਜਤਨ ਕੀਤਾ ਕਰੀਏ ਜੋ ਆਪ ਪਾ ਗਏ ਹਨ । ਅੰਤ ਵਿਚ ਮੈਂ ਆਪਣੇ ਨਾਮਧਾਰੀ ਵੀਰਾਂ ਨੂੰ ਆਪ ਦੇ ਜਨਮ ਗੁਰਪੁਰਬ ਦੀ ਲਖ ਵਖ ਵਧਾਈ ਦਿੰਦਾ ਹਾਂ ।

('ਸਤਿਜੁਗ' ੧੦ ਮਾਘ ੧੯੯੨ ਵਿਚੋਂ ਧਨਵਾਦ ਸਹਿਤ)


Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

—ਆਰਿਫ਼ ਗੋਬਿੰਦਪੁਰੀ

ਇਸ ਦਿਲ 'ਚ ਮੁਹੱਬਤ ਦਾ ਇਕ ਦੀਪ ਜਗਾ ਮੁੜ ਕੇ ।
ਬੇਨੂਰ ਪਏ ਘਰ ਨੂੰ ਪੁਰਨੂਰ ਬਣਾ ਮੁੜ ਕੇ ।

ਬਰਬਾਦ ਮੁਹੱਬਤ ਦਾ ਅਫ਼ਸਾਨਾ ਸੁਣਾ ਮੁੜ ਕੇ ।
ਦਿਲ ਹੋਰ ਕਰਾਂ ਹੌਲਾ ਇਕ ਵਾਰ ਰੁਆ ਮੁੜ ਕੇ ।

ਆ ਬਾਜ਼ ਦਿਲਾ ! ਹੁਣ ਤਾਂ ਤੂੰ ਕਰ ਨਾ ਵਫ਼ਾ ਮੁੜ ਕੇ ।
ਰਖ ਯਾਦ ਸਜ਼ਾ ਪਹਿਲੀ ਇਹ ਕਰ ਨਾ ਖ਼ਤਾ ਮੁੜ ਕੇ ।

ਦਰ ਯਾਰ ਦਾ ਕਾਅਬਾ ਹੈ ਕਰ ਸਜਿਦਾ ਅਦਾ ਦੂਰੋਂ
ਜਿਸ ਦਰ ਤੋਂ ਮਿਲੇ ਧੱਕੇ ਉਸ ਦਰ ਤੇ ਨਾ ਜਾ ਮੁੜ ਕੇ ।

ਦਿਲ ਅਪਣਾ ਜਲਾ ਭਾਵੇਂ ਤੂੰ ਅਸ਼ਕ ਵਹਾ ਭਾਵੇਂ ।
ਪਰ ਯਾਰ ਨੂੰ ਮਿਲਣੇ ਦੀ ਸੂਰਤ ਵੀ ਬਣਾ ਮੁੜ ਕੇ ।

ਬੇਹੋਸ਼ ਨਹੀਂ ਵੈਸੇ ਬੇਹੋਸ਼ ਹਾਂ ਇਸ ਕਰਕੇ
ਬਾਂਹ ਫੜ ਕੇ ਕਹੇ ਕੋਈ 'ਉਠ ਹੋਸ਼ 'ਚ ਆ ਮੁੜ ਕੇ' ।

ਤਕ ਫੇਰ ਨਜ਼ਰ ਭਰਕੇ ਮੂੰਹ ਫੇਰ ਲਿਆ ਕਾਹਤੋਂ
ਕਰ ਵਾਰ ਨਜ਼ਰ ਦਾ ਫਿਰ ਇਹ ਤੀਰ ਚਲਾ ਮੁੜ ਕੇ ।

ਕਰ ਜ਼ਿਕਰ ਨਾ ਮੁੜ ਮੁੜ ਕੇ ਗਲ ਛੇੜ ਨਾ ਗ਼ੈਰਾਂ ਦੀ
ਨਾ ਫੇਰ ਕਰਾ ਚੇਤਾ ਨਾ ਹੋਰ ਸਤਾ ਮੁੜ ਕੇ ।

ਦਰਕਾਰ ਹੈ ਸ਼ਾਇਰ ਨੂੰ ਹਰ ਵਕਤ ਤੜਪ ਦਿਲ ਦੀ
ਮੈਂ ਹੋਰ ਕਹਾਂ ਗ਼ਜ਼ਲਾਂ ਤੂੰ ਹੋਰ ਸਤਾ ਮੁੜ ਕੇ ।

ਅੰਜਾਮ ਮੁਹੱਬਤ ਦਾ ਆਉਂਦਾ ਹੈ ਨਜ਼ਰ ਜਿੰਦੇ !
ਚਲ ਪਾਰ ਝਨਾਂ ਦੇ ਚਲ ਗੁਜਰਾਤ ਨਾ ਜਾ ਮੁੜ ਕੇ ।

ਰੁੱਸ ਕੇ ਉਹ ਤੁਰਿਆ ਸੀ ਗੁੱਸੇ 'ਚ ਗਿਆ ਸੀ ਉਹ
ਪਰ ਇਹ ਵੀ ਗ਼ਨੀਮਤ ਹੈ ਉਸ ਵੇਖ ਲਿਆ ਮੁੜ ਕੇ ।

ਜਿਸ ਦਿਨ ਤੋਂ ਸਮਝ ਆਈ ਕਿ ਪਿਆਰ ਹੈ ਚੁੱਪ ਰਹਿਣਾ
ਉਸ ਦਿਨ ਤੋਂ ਸਿਤਮਗਰ ਤੇ ਕੀਤਾ ਨਾ ਗਿਲਾ ਮੁੜ ਕੇ ।

ਆਈ ਸੀ ਮਸਾਂ ਮੁੜ ਕੇ ਫਿਰ ਹੂਰ ਗਈ ਮੇਰੀ
ਗਲ ਆਣ ਪਈ ਮੇਰੇ ਫ਼ੁਰਕਤ ਦੀ ਬਲਾ ਮੁੜ ਕੇ ।

ਮਰ ਹੀ ਨਾ ਗਿਆ ਹੋਵੇ ਰੋ ਰੋ ਕੇ ਤੇਰਾ "ਆਰਿਫ਼"
ਉਸ ਹਿਜਰ ਦੇ ਮਾਰੇ ਦਾ ਲੈਣਾ ਸੀ ਪਤਾ ਮੁੜ ਕੇ ।

———

ਮੇਰਾ ਦਿਲਦਾਰ ਆਏਗਾ ਮੇਰੇ ਤੁਰ ਜਾਣ ਦੇ ਮਗਰੋਂ ।
ਕਰਾਰ ਅਪਣਾ ਨਿਭਾਏਗਾ ਮੇਰੇ ਤੁਰ ਜਾਣ ਦੇ ਮਗਰੋਂ ।

ਸਤਾਉਂਦਾ ਹੈ ਰੁਆਉਂਦਾ ਹੈ ਜੋ ਖ਼ੁਸ਼ ਹੈ ਰੋਣ ਤੇ ਮੇਰੇ
ਉਹ ਰੋ ਰੋ ਕੇ ਵਿਖਾਏਗਾ ਮੇਰੇ ਤੁਰ ਜਾਣ ਦੇ ਮਗਰੋਂ ।

ਜੋ ਦਿਲ ਵਿਚ ਘਰ ਕਰੀ ਬੈਠੇ ਉਹਦਾ ਗ਼ਮ ਖਾ ਰਿਹੈ ਮੈਨੂੰ
ਉਹ ਕਿੱਥੇ ਘਰ ਬਣਾਏਗਾ ਮੇਰੇ ਤੁਰ ਜਾਣ ਦੇ ਮਗਰੋਂ ।

ਲਹੂ ਪੀਂਦਾ ਰਿਹਾ ਮੇਰਾ, ਜੋ ਬਣ ਕੇ ਗ਼ੈਰ ਦਾ ਹਮਦਮ
ਮੇਰਾ ਬਣ ਕੇ ਦਿਖਾਏਗਾ ਮੇਰੇ ਤੁਰ ਜਾਣ ਦੇ ਮਗਰੋਂ ।

ਜ਼ਮਾਨਾ ਹੈ ਜਦੋਂ ਪੱਥਰ ਤਾਂ ਫਿਰ ਕਿਉਂ ਆਸ ਇਹ ਮੈਨੂੰ
ਕਿ ਇਹ ਆਸੂ ਵਹਾਏਗਾ ਮੇਰੇ ਤੁਰ ਜਾਣ ਦੇ ਮਗਰੋਂ

ਰਹੇਗਾ ਦਿਲ ਉਹਦਾ ਬੇਜ਼ਾਰ ਦੀਦੇ ਰਹਿਣਗੇ ਪੁਰਨਮ
ਸਿਤਮਗਰ ਤਿਲਮਿਲਾਏਗਾ ਮੇਰੇ ਤੁਰ ਜਾਣ ਦੇ ਮਗਰੋਂ ।

ਕਰਾਰ ਆਉਣਾ ਨਹੀਂ ਦਿਲ ਨੂੰ ਬਦਨ ਵਿਚ ਕੈਦ ਹੈ ਜਦ ਤਕ
ਸਕੂਨ ਇਸ ਨੂੰ ਵੀ ਆਏਗਾ ਮੇਰੇ ਤੁਰ ਜਾਣ ਦੇ ਮਗਰੋਂ ।

ਸੁਲਗਦੇ ਨੇ ਰਕੀਬ ਆਪਣੇ ਉਹ ਮੈਨੂੰ ਜਰ ਨਹੀਂ ਸਕਦੇ
ਇਨ੍ਹਾਂ ਨੂੰ ਚੈਨ ਆਏਗਾ ਮੇਰੇ ਤੁਰ ਜਾਣ ਦੇ ਮਗਰੋਂ ।

ਜਿਨ੍ਹਾਂ ਦੀ ਬੇਰੁਖੀ ਨੇ ਜਾਨ ਮੇਰੀ ਲੈ ਲਈ "ਆਰਿਫ਼"
ਉਨ੍ਹਾਂ ਨੂੰ ਪਿਆਰ ਆਏਗਾ ਮੇਰੇ ਤੁਰ ਜਾਣ ਦੇ ਮਗਰੋਂ ।

# ਗ਼ਜ਼ਲ

--ਸੁਰਿੰਦਰ ਸੋਹਲ

ਅਖ਼ਬਾਰ ਜਦੋਂ ਪੜ੍ਹੀਏ, ਉਸ ਵਕਤ ਤੜਪਦੇ ਹਾਂ ।
ਤਕ ਹਰਫ਼ ਲਹੂ ਭਿੱਜੇ, ਰੋਂਦੇ ਹਾਂ ਸਿਸਕਦੇ ਹਾਂ ।
ਜੋ ਦਰਦ ਹੈ ਦਿਲ ਅੰਦਰ, ਬੁੱਲਾਂ ਤੇ ਕਿਵੇਂ ਆਵੇ,
ਬੇਦਰਦ ਜ਼ਮਾਨੇ ਤੋਂ, ਝਕਦੇ ਹਾਂ ਝਿਜਕਦੇ ਹਾਂ ।
ਤੂੰ ਦਾਗ ਤਾਂ ਲਾਇਆ ਹੈ, ਪਰ ਲੋ ਨਾ ਮੁਕਾ ਸਕਿਆ,
ਉਲਫ਼ਤ ਦੇ ਫ਼ਲਕ ਉੱਤੇ, ਚੰਨ ਬਣਕੇ ਚਮਕਦੇ ਹਾਂ ।
ਜਿਸ ਦਿਨ ਤੋਂ ਦਗੇਬਾਜ਼ਾ, ਦਿੱਤਾ ਤੂੰ ਦਗਾ ਸਾਨੂੰ,
ਉਸ ਦਿਨ ਤੋਂ ਹੀ ਚੁਪ ਸਾਧੀ, ਰੋਂਦੇ ਹਾਂ ਨਾ ਹਸਦੇ ਹਾਂ ।
ਸਚ ਕਹਿਣ ਜਦੋਂ ਲਗੀਏ, ਆਉਂਦਾ ਹੈ ਨਜ਼ਰ ਫੰਦਾ,
ਜੇ ਧੌਣ ਜ਼ਰਾ ਚੁੱਕੀਏ, ਤਲਵਾਰ ਨੂੰ ਤਕਦੇ ਹਾਂ ।
ਬਸਤੀ ਇਹ ਗਰੀਬਾਂ ਦੀ, ਬਾਰੂਦ ਬਣੀ ਹੈ ਜੋ,
ਕਦ ਮਹਿਲ ਉਡਾਏਗੀ ? ਉਸ ਦਿਨ ਨੂੰ ਚਿਤਵਦੇ ਹਾਂ ।
ਦੇ ਖ਼ੂਨ ਅਸੀਂ ਦਿਲ ਦਾ, ਜਿਸ ਰੁੱਖ ਨੂੰ ਬੜਾ ਕੀਤਾ,
ਹੁਣ ਛਾਂ ਨਾ ਦਵੇ 'ਸੋਹਲ', ਤਾਂ ਹੀ ਤਾਂ ਵਿਲਕਦੇ ਹਾਂ ।

ਪਿੰਡ ਸੰਗੋ ਸੋਹਲ ਡਾ: ਮੰਡ ਜ਼ਿਲਾ ਜਲੰਧਰ


Sri Satguru Jagjit Singh Ji eLibrary NamdhariElibrary@gmail.com

# ਜੀਵਨ ਦਾ ਚੰਨ ਸੀ ਉਹ ਜੀਵਨ ਜਹਾਨ ਦਾ

—ਜੋਗਿੰਦਰ ਸਿੰਘ ਕੰਗ (ਲੁਧਿਆਣਾ)—

ਜਨਮ-ਸ਼ਤਾਬਦੀ, ਆਈ ਗੁਰੂ ਪ੍ਰਤਾਪ ਜੀ ਦੀ,
ਜਾਪਦਾ ਮਨੁੱਖ ਰੂਪ, ਆਇਆ ਭਗਵਾਨ ਹੈ।

ਕਦੇ ਬਾਵਨ-ਰੂਪ, ਕਦੇ ਰਾਮ ਜੀ ਦੇ ਰੂਪ ਆਏ,
ਕਦੇ ਕ੍ਰਿਸ਼ਨ-ਰੂਪ, ਕੀਤਾ ਗੀਤਾ ਵਿਖਿਆਨ ਹੈ।

ਸ੍ਰਿਸ਼ਟੀ ਦਾ ਮਾਲਕ ਉਹ, ਨਾਨਕ-ਰੂਪ ਧਾਰ ਆਇਆ,
ਨਾਨਕ ਤੋਂ ਗੁਰੂ ਹਰੀ, ਜੋਤਿ ਇਕ ਸਮਾਨ ਹੈ।

ਏਸੇ ਰੱਬੀ-ਜੋਤਿ ਵਿਚੋਂ, ਗੁਰੂ ਪ੍ਰਤਾਪ ਆਇਆ,
ਤਾਂ ਹੀ ਤਾਂ ਅਨੰਤ ਕਲਾ ਉਹ, ਗੁਣਵਾਨ ਹੈ।

ਸਾਰੇ ਜੱਗ ਵਿਚ ਅੱਜ, ਇਹ ਹੀ ਪੁਕਾਰ ਉੱਠੀ,
ਜਾਪਦਾ ਹੈ ਰਾਹ-ਨੁਮਾ, ਆਇਆ ਬੇ-ਸਹਾਰਿਆਂ ਦਾ।

ਚੌਧਵੀਂ ਦਾ ਚੰਨ, ਨੂਰੀ ਮੁੱਖੜੇ ਤੇ ਚਮਕਦਾ ਸੀ,
ਆਇਆ ਮਾਲਕ ਆਪ, ਬ੍ਰਹਿਮੰਡ ਸੂਰਜ ਤਾਰਿਆਂ ਦਾ।

ਕਾਦਰ ਦੀ ਕੁਦਰਤ ਵੀ, ਚਾਵਾਂ ਨਾਲ ਖਿੜ ਉੱਠੀ,
ਖਿੜੀ ਖਿੜੀ ਹੋਈ, ਰੰਗ ਚੜ੍ਹਿਆ ਦੀਦਾਰਿਆਂ ਦਾ।

ਹਰੀ ਸਿੰਘ ਗੁਰੂ ਤਾਈਂ, ਲੋਕ ਪਏ ਵਧਾਈਆਂ ਦੇਣ,
ਜੀਵਨ ਦਾ ਲਾਲ ਆਇਆ, ਰਾਖਾ ਦੁਖਿਆਰਿਆਂ ਦਾ।

ਰਾਜੇ ਮਹਾਰਾਜੇ, ਉਹਦੇ ਚਰਨਾਂ 'ਚ ਝੁੱਕਦੇ ਸੀ,
ਮੰਨਿਆ ਨਾ ਉਸ ਨੇ, ਕਿਸੇ ਦੇ ਬਹਾਨਿਆਂ ਨੂੰ।

ਗ਼ਰੀਬਾਂ ਤੇ ਨਿਥਾਵਿਆਂ ਦਾ, ਰਹਿਬਰ ਪ੍ਰਤਾਪ ਗੁਰੂ,
ਵੱਖ ਵੱਖ ਸਮਝਿਆ ਨਾ, ਆਪਣੇ ਬਿਗਾਨਿਆਂ ਨੂੰ।

ਉਡੀਕ ਸੀ ਇਕੋ ਇਕ, ਚੀਨੀ ਵਾਲੇ ਪਾਤਸ਼ਾਹ ਦੀ,
ਹੌਂਸਲਾ ਵੀ ਦੇਂਦੇ ਰਹੇ, ਕੂਕਿਆਂ ਦੀਵਾਨਿਆਂ ਨੂੰ।

ਸਿੱਖ-ਸੰਪਰਦਾਵਾਂ ਨੂੰ, ਇਕ ਥਾਂ ਇਕੱਠਾ ਕੀਤਾ,
ਜੱਗ ਸਾਰਾ ਯਾਦ ਕਰੇ, ਤੇਰੇ ਕਾਰਨਾਮਿਆਂ ਨੂੰ।

ਗੁਰੂ ਪ੍ਰਤਾਪ ਸਮੇਂ, ਭਾਰਤ ਆਜ਼ਾਦ ਹੋਇਆ,
ਪਹਿਲਾਂ ਭੈਣੀ ਸਾਹਿਬੋਂ, ਪੁਲਿਸ ਚੌਂਕੀ ਨੂੰ ਉਠਾਇਆ ਸੀ।

ਹਰ ਇਕ ਸਿੱਖ ਦਾ, ਧਿਆਨ ਪੂਰਾ ਰੱਖਦੇ ਸੀ,
ਨਵਾਂ ਮਾਤ-ਲੋਕ ਜੀਵਨ ਨਗਰ ਨੂੰ ਵਸਾਇਆ ਸੀ।

ਰਿਕਾਰਡ ਪੈਦਾ ਕੀਤਾ, ਲੱਖਾਂ ਪਾਠਾਂ ਦਾ ਜਹਾਨ ਵਿਚ,
ਸੁੱਚ-ਸੋਧ, ਨਾਮ-ਬਾਣੀ, ਪ੍ਰਵਾਹ ਨੂੰ ਚਲਾਇਆ ਸੀ।

ਕਵੀ ਵਿਦਵਾਨ, ਰਾਗੀ ਜੱਥੇਦਾਰ ਪੈਦਾ ਕੀਤੇ,
ਨਾਮਧਾਰੀ-ਸਿੱਖੀ, ਫੁੱਲਵਾੜੀ ਨੂੰ ਮਹਿਕਾਇਆ ਸੀ। +



Sri Satguru Jagjit Singh Ji eLibrary NamdhariElibrary@gmail.com

# ਦੋ ਗ਼ਜ਼ਲਾਂ

—ਉਂਕਾਰਪ੍ਰੀਤ ਸਿੰਘ

ਵਰਤੇ ਕਹਿਰ, ਨਾਨਕ
ਤੇਰੇ ਸ਼ਹਿਰ, ਨਾਨਕ ॥
ਅੰਮ੍ਰਿਤ ਥਾਇ, ਮਜ਼ਬੀ
ਵੰਡਦੇ ਨੇ ਜ਼ਹਿਰ, ਨਾਨਕ ॥
ਮੁੜ ਲਾਲੋ ਤੇ, ਭਾਗੋ
ਵਉਂਦੇ ਕਹਿਰ, ਨਾਨਕ ॥
ਤੇਰਾ ਤੇਰਾ ਵਾਲੀ
ਮੋਈ ਲਹਿਰ, ਨਾਨਕ ॥
ਮੇਰਾ ਮੇਰਾ, ਹੋਵੇ
ਅੱਠੋ ਪਹਿਰ, ਨਾਨਕ ॥
ਤੇਰੇ ਸ਼ਹਿਰ, ਵੱਗੇ
ਰਤ ਦੀ ਨਹਿਰ, ਨਾਨਕ ॥
ਛਾਈ ਕੂੜ ਦੀ ਮੁੜ
ਕਾਲੀ ਗਹਿਰ, ਨਾਨਕ ॥
ਤੈਨੂੰ ਰੋ ਪੁਕਾਰੇ
ਮੇਰੀ ਬਹਿਰ, ਨਾਨਕ ।
ਕਿਰਪਾ ਕਰ ਬਚਾ ਲੈ
ਆਪਣਾ ਸ਼ਹਿਰ, ਨਾਨਕ ॥

———

ਆਦਮ ਖਾਣਾ, ਹਾਏ-ਹਾਏ
ਆਦਮ ਦਾਣਾ, ਹਾਏ-ਹਾਏ ॥
ਕਾਲਾ ਦਿਲ ਤੇ ਧੰਦਾ ਤੇਰਾ
ਚਿਟਾ ਬਾਣਾ, ਹਾਏ-ਹਾਏ ॥
ਨਿਰਦੋਸ਼ਾਂ ਨੂੰ ਕੁਟੇ ਮਾਰੇ
ਹਾਏ ਠਾਣਾ, ਹਾਏ-ਹਾਏ ॥
ਮੇਰੇ ਭੋਲੇ ਭਾਲੇ ਦਿਲ ਤੇ
ਤੇਰਾ ਛਾਣਾ, ਹਾਏ-ਹਾਏ ॥
ਕਾਤਲ ਮੇਰੇ ਅਰਮਾਨਾਂ ਦੇ
ਤੇਰਾ ਜਾਣਾ, ਹਾਏ-ਹਾਏ ॥
ਪੀਘਾਂ ਵਾਲਾ ਲੋਕੋ ਸਾਡਾ
ਟੁੱਟਾ ਡ੍ਹਾਣਾ, ਹਾਏ-ਹਾਏ ॥
ਤੱਤੀ ਲੋਹ ਉਪਰ ਮੁਸਕਾਵੇ
ਤੇਰਾ ਭਾਣਾ, ਹਾਏ-ਹਾਏ ॥
ਪੈਰੀਂ ਸੂਲਾਂ ਅਖੀਂ ਅੱਥਰੂ
ਸਾਡਾ ਗਾਣਾ, ਹਾਏ-ਹਾਏ ॥
ਨਾਨਕ ਆ ਮੁੜ ਭਟਕ ਗਿਆ ਹੈ
ਸਾਰਾ ਲਾਣਾ, ਹਾਏ-ਹਾਏ ॥
ਦਰ ਦਰ ਭਟਕੇ ਤੇਰੇ ਬਾਝੋਂ
'ਪ੍ਰੀਤ' ਨਿਮਾਣਾ, ਹਾਏ-ਹਾਏ ॥

# ਗ਼ਜ਼ਲ

—ਡਾ: ਹਰਨੇਕ ਸਿੰਘ ਕੋਮਲ

ਰੰਗ ਕਾਮਿਲ ਇਸ਼ਕ ਦਾ ਜੋ ਭਰ ਗਏ ।
ਜ਼ਿੰਦਗੀ ਦੇ ਨਕਸ਼ ਗੂੜ੍ਹੇ ਕਰ ਗਏ ।
ਚਿਣਗ ਜਿਨ੍ਹਾਂ ਮਨ 'ਚ ਬਾਲੀ ਸ਼ੌਕ ਦੀ,
ਚੀਰ ਕੇ ਤੂਫਾਨ ਸਾਗਰ ਤਰ ਗਏ ।
ਬਣ ਹਯਾਤੀ ਫੁੱਲ ਜੋ ਇਕ ਮਹਿਕਿਆ,
ਲੱਖ ਦਾਮਨ ਮਹਿਕ ਦੇ ਸੰਗ ਭਰ ਗਏ ।
ਹਾਣੀ ਲੱਖਾਂ ਸੂਰਜਾਂ ਦੇ ਹੋ ਗਏ,
ਰੋਸ਼ਨੀ ਲਈ ਜੂਝਦੇ ਜੋ ਮਰ ਗਏ ।
ਕੀ ਉਨ੍ਹਾਂ ਨੇ ਦਾਰ ਨੂੰ ਜਾ ਚੁੰਮਣਾ,
ਸੂਲ ਦੀ ਹੀ ਪੀੜ ਤੋਂ ਜੋ ਡਰ ਗਏ ।
ਲਹਿਰਾਂ ਨੂੰ ਵੀ ਨਾਂ ਉਨ੍ਹਾਂ ਦੇ ਯਾਦ ਨੇ
ਦਰਿਆ ਵਗਦਾ ਅੱਗ ਦਾ ਜੋ ਤਰ ਗਏ ।

---

+ਓਪਰੇ ਜਾਂ ਆਉਂਦੇ, ਝੱਟ ਆਪਣੇ ਬਣਾ ਲੈਂਦੇ,
ਭਲੇ ਬੁਰੇ ਤਾਈਂ, ਉਹ ਗੁਰੂ ਸੀ ਪਛਾਣਦਾ ।
ਗਊਆਂ ਅਤੇ ਘੋੜਿਆਂ ਨੇ, ਉਸ ਦੇ ਪਿਆਰ ਮਾਣੇ,
ਖੂੰਡਾ ਵੀ ਖੜਕੇ, ਉਸ ਮਰਦ ਜਵਾਨ ਦਾ ।
ਦੇਸ਼-ਦੇਸ਼ਾਤਰਾਂ 'ਚ, ਗੁਰਮਤਿ ਪ੍ਰਚਾਰ ਕੀਤਾ,
ਸਤਿਗੁਰੂ ਕੰਮ ਕੀਤਾ, ਮਾਨਵ-ਕਲਿਆਣ ਦਾ ।
ਹੋਲਿਆਂ ਤੇ ਮੇਲਿਆਂ ਪ੍ਰਯੋਗਾਂ ਨੂੰ ਮਨਾਇਆ ਸੀ,
ਜੀਵਨ ਦਾ ਚੰਨ ਸੀ ਉਹ, ਜੀਵਨ ਜਹਾਨ ਦਾ ।


Sri Satguru Jagjit Singh Ji eLibrary NamdhariElibrary@gmail.com

## ਦਰਦ ਵਿਛੋੜੇ ਵਾਲਾ

(ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਪਵਿਤਰ ਯਾਦ ’ਚ)

—ਬੂਟਾ ਸਿੰਘ ‘ਪ੍ਰੀਤਮ’



ਸਾਨੂੰ ਉਠਦਾ ਦਰਦ ਵਿਛੋੜਿਆਂ ਦਾ,
ਦੇ ਦਵਾ ਓ ਦਿਲਬਰਾ ਵਾਸਤਾ ਈ ।
ਕਸਕਾਂ ਉਠਦੀਆਂ ਬਹੁਤ ਜੁਦਾਈ ਦੀਆਂ,
ਫੇਰਾ ਪਾ ਓ ਦਿਲਬਰਾ ਵਾਸਤਾ ਈ ।
ਤੈਂਡੀ ਵਿਚ ਜੁਦਾਈ ਸੌਦਾਈ ਹੋਏ,
ਹੁਣ ਤੇ ਆ ਓ ਦਿਲਬਰਾ ਵਾਸਤਾ ਈ ।
ਬਾਗ ਸਧਰਾਂ ਵਾਲੇ ਵੀਰਾਨ ਹੋਏ,
ਝੜੀਆਂ ਲਾ ਓ ਦਿਲਬਰਾ ਵਾਸਤਾ ਈ ।
ਬੂਟੇ ਖਿਜ਼ਾਂ ਪ੍ਰੀਤਮਾਂ ਮੁੰਡ ਸੁਟੇ,
ਬਸੰਤ ਲਿਆ ਓ ਦਿਲਬਰਾ ਵਾਸਤਾ ਈ ।
ਮੇਰੀ ਬੇੜੀ ਹਯਾਤੀ ਦੀ, ਵਿਚ ਕਾਂਗਾਂ,
ਬੰਨੇ ਲਾ ਓ ਦਿਲਬਰਾ ਵਾਸਤਾ ਈ ।
ਤੇਰੀ ਆਸ ਉਮੀਦ ਤੇ ਠਿਲ ਪਏ ਸਾਂ,
ਚੱਪੂ ਲਾ ਓ ਦਿਲਬਰਾ ਵਾਸਤਾ ਈ ।
ਤੇਰੇ ਵਿਚ ਵਿਛੋੜਿਆਂ ਗਏ ਕੁੱਠੇ,
ਦਰਸ ਦਿਖਾ ਓ ਦਿਲਬਰਾ ਵਾਸਤਾ ਈ ।
ਤਾਰੇ ਗਿਣ ਗਿਣ ਰਾਤਾਂ ਲੰਘਦਿਆਂ ਦੇ,
ਸਮੇਂ ਗਏ ਵਿਹਾ ਓ ਵਾਸਤਾ ਈ ।
ਕੂੰਜ਼ ਵਾਂਗ ਕੁਰਲਾਂਦਿਆਂ ਉਮਰ ਚਲੀ,
ਪਰਤ ਆ ਓ ਦਿਲਬਰਾ ਵਾਸਤਾ ਈ ।
ਪੀਹਣ ਗਮਾਂ ਵਾਲੇ ਸਾਥੋਂ ਮੁਕਣੇ ਨਹੀਂ,
ਆ ਮੁਕਾ ਓ ਦਿਲਬਰਾ ਵਾਸਤਾ ਈ ।
ਸਾਨੂੰ ਸਾਂਗ ਜੁਦਾਈ ਦੀ ਜ਼ਿਬਾਹ ਕਰਦੀ,
ਡੂੰਘੇ ਘਾ ਓ ਦਿਲਬਰਾ ਵਾਸਤਾ ਈ ।
ਵਿਚ ਚਿਖਾ ਵਿਛੋੜੇ ਦੀ ਸੜਦਿਆਂ ਨੂੰ,
ਵੇਖ ਲਾ ਓ ਦਿਲਬਰਾ ਵਾਸਤਾ ਈ ।
ਆਉਂਦੀ ਜਾਂਦੀ ਬਸੰਤ ਦੀ ਰੁੱਤ ਰਹਿੰਦੀ,
ਤੇਰੇ ਬਾਝ ਬਸੰਤ ਦਾ ਕੀ ਕਰਨਾ ।
ਲੋਕੀਂ ਮਰ “ਪ੍ਰੀਤਮਾ” ਛੁਟ ਜਾਂਦੇ,
ਸਾਨੂੰ ਪੈਂਦਾ ਈ ਹਿਜਰ ਵਿਚ ਰੋਜ਼ ਮਰਨਾ ।

## ਫੇਰਾ ਵਤਨਾ ਦਾ ਪਾ

—ਦਲਜੀਤ ਸਿੰਘ ਧਾਲੀਵਾਲ



ਬਹਾਰਾਂ ਮੁੜ ਮੁੜ ਆਈਆਂ
ਪਈਆਂ ਪਾਉਣ ਦੁਹਾਈਆਂ
ਕਿਸ ਗਲੋਂ ਕੀਤੀਆਂ ਨੇ
ਲੰਮੀਆਂ ਜੁਦਾਈਆਂ ।
ਇਕ ਵਾਰੀ ਆਜਾ ਫੇਰਾ ਵਤਨਾਂ ਦਾ ਪਾ
ਇਕ ਵਾਰੀ ਆ... ... ...
ਗਊ ਤੇ ਗਰੀਬ ਕਰ ਰਹੇ ਅਰਜੋਈ ਏ
ਤੇਰੇ ਤੋਂ ਬਗੈਰ ਸਾਨੂੰ ਜੱਗ ਤੇ ਨਾ ਢੋਈ ਏ
ਭਾਈ ਰਾਏ ਸਿੰਘ ਵਾਂਗ ਮੁੜ ਕੇ ਬਚਾ
ਇਕ ਵਾਰੀ ਆ... ... ...
ਕਿਸ ਗਲੋਂ ਹੋਇਓਂ ਨਾਰਾਜ਼ ਸਚੇ ਪਾਤਸ਼ਾਹ
ਦੁਖੀਆਂ ਦੀ ਸੁਣ ਫ਼ਰਿਆਦ ਸਚੇ ਪਾਤਸ਼ਾਹ
ਭੈਣੀ ਸਾਹਿਬ ਆ ਕੇ ਦਰਸ ਦਿਖਾ
ਇਕ ਵਾਰੀ ਆ... ... ...
ਕਿਹੜੀ ਸਾਡੇ ਕੋਲੋਂ ਹੋਈ ਪਾਤਸ਼ਾਹ ਖੁਨਾਮੀ ਏ
ਅਸੀਂ ਤੇ ਨਾਦਾਨ ਤੂੰ ਅੰਤਰਜਾਮੀ ਏ,
‘ਧਾਲੀਵਾਲ’ ਤਕੇ ਤੇਰਾ ਦਿਨ ਰਾਤ ਰਾਹ
ਇਕ ਵਾਰੀ ਆ ਜਾ ਫੇਰਾ ਵਤਨਾਂ ਦਾ ਪਾ
ਇਕ ਵਾਰੀ ਆ... ... ...



Sri Satguru Jagjit Singh Ji eLibrary NamdhariElibrary@gmail.com

ਸਵੀਅਤ ਯੂਨੀਅਨ ਵਿਚ ੧੪ ਦਿਨ (੧੨)

# ਦੋਸਤੀ ਦਾ ਰੁਖ ਸੋਚੀ

—ਜਗਦੀਸ਼ ਸਿੰਘ—

(ਲੜੀ ਜੋੜਨ ਲਈ ਫਰਵਰੀ ੧੯੮੯ ਅੰਕ ਦੇਖੋ)

ਮੰਗਲਵਾਰ ੧੦ ਨਵੰਬਰ ੧੯੮੭ ਜਦੋਂ ਸਾਡਾ ਜਹਾਜ਼ ਸੋਚੀ ਸ਼ਹਿਰ ਦੇ ਹਵਾਈ ਅੱਡੇ ਤੇ ਉਤਰਿਆ ਤਾਂ ਰਾਤ ਦੀਆਂ ਬੱਤੀਆਂ ਜੱਗ ਚੁੱਕੀਆਂ ਸਨ। ਇਕ ਹਸਮੁਖ ਜਿਹੀ ਛੋਟੀ ਜਿਹੀ ਕੁੜੀ ਸਾਡੀ ਬੱਸ ਦੀ ਗਾਈਡ ਸੀ। ਉਸਨੇ ਸ਼ਹਿਰ ਬਾਰੇ ਰਸਮੀ ਜਾਣਕਾਰੀ ਦਿਤੀ। ਇਹ ਸ਼ਹਿਰ ਕਾਲੇ ਸਾਗਰ ਦੇ ਸੁਹਾਵਣੇ ਕੰਢੇ ਤੇ ੧੪੫ ਕਿਲੋਮੀਟਰ ਲੰਬਾਈ ਵਾਲਾ ਦੁਨੀਆ ਦਾ ਸਭ ਤੋਂ ਲੰਮਾ ਸ਼ਹਿਰ ਹੈ। ਹਰਿਆਂ ਬੂਟਿਆਂ ਨਾਲ ਭਰਪੂਰ, ਨਾ ਗਰਮ ਨਾ ਸਰਦ ਮੌਸਮ ਵਾਲਾ ਇਹ ਸੋਵੀਅਤ ਯੂਨੀਅਨ ਦਾ ਇਕ ਪਰਮੁਖ ਸਿਹਤ ਕੇਂਦਰ ਹੈ। ਇਥੇ ਗੰਧਕ ਦੇ ਗਰਮ ਚਸ਼ਮੇ ਹਨ ਅਤੇ ਅਨੇਕਾਂ ਸੈਨੀਟੋਰੀਅਮ ਹਨ। ਲੱਖਾਂ ਲੋਕ ਸਾਲਾਨਾ ਸੋਵੀਅਤ ਯੂਨੀਅਨ ਅਤੇ ਬਦੇਸ਼ਾਂ ਵਿਚੋਂ ਆਉਂਦੇ ਹਨ।

ਸਾਡਾ ਨਿਵਾਸ ਸਮੁੰਦਰ ਦੇ ਐਨ ਕੰਢੇ ਤੇ ਬਣੇ ਹੋਏ ਇਕ ਨਵੀਨ ਹੋਟਲ ਵਿਚ ਸੀ। ਹੋਟਲ ਵਿਚ ਦਾਖਲ ਹੁੰਦਿਆਂ ਹੀ ਪਤਾ ਲਗ ਗਿਆ ਕਿ ਇਕ ਤਾਂ ਇਹ ਹੋਟਲ ਬਹੁਤ ਮਾਡਰਨ ਅਤੇ ਵਿਸ਼ਾਲ ਹੈ। ਦੂਜਾ ਲੋਕਾਂ ਦੀ ਵਿਵਿਧਤਾ ਪਿਛਲੇ ਥਾਵਾਂ ਨਾਲੋਂ ਜ਼ਿਆਦਾ ਹੈ। ਇਥੇ ਲੋਕ ਆਉਂਦੇ ਹੀ ਆਰਾਮ ਕਰਨ ਅਤੇ ਛੁੱਟੀਆਂ ਮਾਨਣ ਵਾਸਤੇ ਹਨ।

ਜਦੋਂ ਅਸੀਂ ਖਾਣੇ ਦੇ ਹਾਲ ਵਿਚ ਪੁੱਜੇ ਤਾਂ ਇਹ ਬਹੁਤ ਵੱਡੇ ਮੈਦਾਨ ਜਿਡਾ ਹਾਲ ਸੀ। ਮੇਜ਼ਾਂ ਤੇ ਖਾਣਾ ਲਗਾ ਹੋਇਆ ਸੀ। ਵੈਸ਼ਨੋ ਭੋਜਨ ਦੇ ਮੇਜ਼ਾਂ ਤੇ 'ਸ਼ਾਕਾਹਾਰੀ' ਕੈਪਸ਼ਨ ਦੀਆਂ ਚਿਟਾਂ ਲਗੀਆ ਹੋਈਆਂ ਸਨ। ਪਰ ਇਥੇ ਥੋਹੜੀ ਬਦਮਜ਼ਗੀ ਹੋ ਗਈ। ਸਾਡੇ ਪੁਜਣ ਤੋਂ ਪਹਿਲਾਂ ਇਥੇ ਰੌਲਾ ਪੈ ਗਿਆ ਸੀ। ਗੱਲ ਇਵੇਂ ਹੋਈ ਕਿ ਸ਼ਾਕਾਹਾਰੀਆਂ ਦੇ ਸਲਾਦ ਵਿਚ ਅੰਡੇ ਧਰੇ ਹੋਏ ਸਨ। ਇਸ ਗੱਲ ਦਾ ਸ਼ਾਕਾਹਾਰੀਆਂ ਨੇ ਬੁਰਾ ਤਾਂ ਮਨਾਉਣਾ ਹੀ ਸੀ। ਇਹ ਗੱਲ ਜਦੋਂ ਟੂਰ ਗਾਈਡ ਰਹੀਮਾ ਨੂੰ ਦੱਸੀ ਗਈ ਤਾਂ ਉਸ ਕੁਝ ਪਰਵਾਹ ਨਾ ਕੀਤੀ। ਉਸ ਦਾ ਜਵਾਬ ਬੜਾ ਹਾਕਮਾਨਾ ਸੀ। ਦੌਰੇ ਸਮੇਂ ਵੀ ਉਸ ਦੇ ਵਤੀਰੇ ਤੋਂ ਲੋਕ ਸੰਤੁਸ਼ਟ ਨਹੀਂ ਸਨ। ਉਸ ਦੀ ਗੱਲਬਾਤ ਇਵੇਂ ਦੀ ਹੁੰਦੀ ਜਿਵੇਂ ਕਲਾਸ ਦੀ ਮਨੀਟਰ ਹੋਵੇ। ਜਹਾਜ਼ ਵਿਚ ਵੀ ਉਸ ਦਾ ਗੱਲ ਕਰਨ ਦਾ ਢੰਗ ਕੁਝ ਲੋਕਾਂ ਨੂੰ ਨੁਕਸਦਾਰ ਲਗਦਾ ਸੀ। ਇਸ ਦੇ ਮੁਕਾਬਲੇ ਦੂਸਰੀ ਗਾਈਡ ਗੀਮਾ ਬਹੁਤ ਮਿਲਣਸਾਰ ਅਤੇ ਮਿਲਵਰਤੋਂ ਵਾਲੀ ਸੀ। ਅੱਜ ਜਦੋਂ ਰਹੀਮਾ ਨੇ ਅੰਡਿਆਂ ਵਾਲੇ ਮਾਮਲੇ ਵਿਚ ਬੇਪਰਵਾਹੀ ਵਿਖਾਈ ਤਾਂ ਲੋਕਾਂ ਨੂੰ ਬਹੁਤ ਬੁਰਾ ਲਗਾ। ਹੋਰ ਤਾਂ ਬੁੜ ਬੁੜ ਕਰਦੇ ਰਹੇ ਪਰ ਮੋਗਾ ਵਾਲੇ ਸ: ਅਮਰ ਸਿੰਘ ਜੀ ਨੂੰ ਗੁੱਸਾ ਚੜ੍ਹ ਗਿਆ। ਅਮਰ ਸਿੰਘ ਜੀ ਕਈ ਅਖਬਾਰਾਂ ਤੋਂ ਇਲਾਵਾ ਅਕਾਸ਼ਬਾਣੀ ਤੇ ਬੀ.ਬੀ.ਸੀ. ਦੇ ਵੀ ਮੋਗਾ ਪ੍ਰਤੀਨਿਧ ਹਨ। ਅਮਰ ਸਿੰਘ ਹੋਰਾਂ ਕੜਕ ਕੇ ਕਿਹਾ ਤੂੰ ਗਾਈਡ ਹੈਂ ਕਿ ਡਿਕਟੇਟਰ are you guide or dictater? ਰਹੀਮਾ ਡੁਸਕਣ ਲਗ ਪਈ। ਚੀਕ ਕੇ ਕਿਹਾ 'ਥਰੋ ਦੈਮ ਆਊਟ' (ਅੰਡੇ ਬਾਹਰ ਸੁਟ ਦਿਓ।) ਅਤੇ ਦੂਰ ਵਖਰੀ ਜਾ ਕੇ ਬੈਠ ਗਈ। ਹੋਟਲ ਦੇ ਕਰਮਚਾਰੀਆਂ ਨੇ ਸਲਾਦ ਵਾਲੀਆਂ ਪਲੇਟਾਂ ਚੁੱਕ ਲਈਆਂ। ਸਭ ਖਾਣ ਲਗ ਪਏ। ਇਕ ਪਰਿਵਾਰ ਜ਼ਰਾ ਲੇਟ ਖਾਣੇ ਵਾਸਤੇ ਪੁੱਜਿਆ। ਉਹਨਾਂ ਵੀ ਉਲਾਂਭਾ ਦੇਣਾ ਸ਼ੁਰੂ ਕਰ ਦਿਤਾ। ਫੇਰ ਰਹੀਮਾ ਦੇ ਸਿਰ ਦੋਸ਼। ਪਤਾ ਨਹੀਂ ਉਸ ਖਾਣਾ ਖਾਧਾ ਜਾਂ ਨਾ ਪਰ ਉਹ ਗੁੱਸੇ ਵਿਚ ਭਰੀ ਪੀਤੀ ਹੋਈ ਪਤਾ ਨਹੀਂ ਕਿਥੇ ਚਲੀ ਗਈ।

ਹੋਟਲ ਦੇ ਕਮਰੇ ਤੋਂ ਬਾਹਰ ਸ਼ਹਿਰ ਦਾ ਸੁੰਦਰ ਨਜ਼ਾਰਾ ਸੀ। ਸਮੁੰਦਰ ਦੇ ਕੰਢੇ ਕੰਢੇ ਦੂਰ ਤਕ ਬੱਤੀਆਂ ਨੇ ਇਕ ਤਾਰਾ ਮੰਡਲ ਸਿਰਜਿਆ ਹੋਇਆ ਸੀ। ਰਾਤ ਘੂਕ ਨੀਂਦਰ ਆਈ। ਦਿਨ ਚੜ੍ਹਿਆ ਤਾਂ ਸ਼ਹਿਰ ਦੀ ਅਸਲ ਸੁੰਦਰਤਾ ਨੂੰ ਅਸੀਂ ਨਿਹਾਰ ਸਕੇ।

ਅਸੀਂ ਪਿਛਲੇ ਜਿੰਨੇ ਵੀ ਸ਼ਹਿਰਾਂ ਵਿਚ ਗਏ ਉਹਨਾਂ ਦੇ ਮੌਸਮ ਬਾਰੇ ਬਹੁਤ ਤੌਖਲਾ ਰਿਹਾ ਸੀ। ਕਿਹਾ ਜਾਂਦਾ ਰਿਹਾ ਕਿ ਉਥੇ ਸਿਫਰ ਤੋਂ ਕਿਤੇ ਹੇਠ ਦਰਜੇ ਦੀ ਸਰਦੀ ਹੋਵੇਗੀ ਅਤੇ ਬਦਲਵਾਈ ਹੋਵੇਗੀ। ਕੇਵਲ ਸੋਚੀ ਬਾਰੇ ਹੀ ਇਹ ਗੱਲ ਸੀ ਕਿ ਇਥੇ ਗਰਮੀ ਦਾ ਦਰਜਾ ਜ਼ਿਆਦਾ ਹੋਵੇਗਾ ਅਤੇ ਮੌਸਮ ਸਾਫ ਸੁਥਰਾ। ਪਰ ਕਰਨਾ ਰੱਬ ਦਾ ਇਵੇਂ ਕਿ ਸਭ ਸ਼ਹਿਰਾਂ ਵਿਚ ਬਹੁਤ ਸਾਫ ਧੁੱਪ ਚੜ੍ਹੀ ਹੋਈ ਸੀ ਅਤੇ ਰੂਸੀ ਗਾਈਡ ਸਤਿਕਾਰ ਵਜੋਂ ਇਸ ਦਾ ਸ਼੍ਰੇਅ ਸਾਨੂੰ ਦਿੰਦੇ ਸਨ। ਪਰ ਸੋਚੀ ਜਿਥੇ ਧੁੱਪ ਅਤੇ ਖੁਸ਼ਗਵਾਰ ਮੌਸਮ ਦੀ ਸੰਭਾਵਨਾ ਸੀ ਉਥੇ ਮੀਂਹ ਹੀ ਲਗ ਭਗ ਪੈਂਦਾ ਰਿਹਾ। ਅਤੇ ਨਾਲ ਹੀ ਠੰਡ ਵੀ। ਸਾਨੂੰ ਇਸ ਸ਼ਹਿਰ ਵਾਸਤੇ ਦਿਤਾ ਵੀ ਇਕ ਦਿਨ ਹੀ ਗਿਆ ਸੀ।

ਸਭ ਤੋਂ ਪਹਿਲਾਂ ਰਵਾਜ ਅਨੁਸਾਰ ਸ਼ਹਿਰ ਦਾ ਟੂਰ ਲਵਾਇਆ ਗਿਆ। ਵੱਖ ਵੱਖ ਥਾਵਾਂ ਵਿਖਾਈਆਂ ਗਈਆਂ ਫਿਰ ਉਜ਼ਬੇਕਿਸਤਾਨ ਦਾ ਇਕ ਸੈਨੀਟੋਰੀਅਮ ਦਿਖਾਇਆ ਗਿਆ। ਉਜ਼ਬੇਕਿਸਤਾਨ ਦੀ ਸਰਹੱਦ ਨੂੰ ਕੋਈ ਸਮੁੰਦਰ ਨਹੀਂ ਲਗਦਾ ਉਹਨਾਂ ਨੇ ਆਪਣੇ ਇਲਾਕੇ ਤੋਂ ਬਾਹਰ ਇਹ


Sri Satguru Jagjit Singh Ji eLibrary NamdhariElibrary@gmail.com

ਸੈਨੀਟੋਰੀਅਮ ਬਣਾਇਆ । ਬਹੁਤ ਸਾਰੇ ਸੈਨੀਟੋਰੀਅਮ 'ਸਿਹਤ ਘਰ' ਇਥੇ ਬਣੇ ਹੋਏ ਹਨ । ਵਰਦੇ ਮੀਂਹ ਵਿਚ ਅਸੀਂ ਇਥੇ ਪੁੱਜੇ । ਪਹਿਲਾਂ ਸਾਨੂੰ ਇਥੋਂ ਦੇ ਆਡੀਟੋਰੀਅਮ ਵਿਚ ਲਿਜਾਇਆ ਗਿਆ । ਸੈਨੀਟੋਰੀਅਮ ਦਾ ਅਪਣਾ ਲੈਕਚਰ ਹਾਲ ਬਹੁਤ ਵਧੀਆ ਸੀ । ਸੈਨੀਟੋਰੀਅਮ ਬਾਰੇ ਵਾਕਫੀ ਦਿਤੀ ਗਈ।ਦਸਿਆ ਗਿਆ ਕਿ ਇਹਹਸਪਤਾਲ ਨਹੀਂ ਇਹ ਸੈਨੀਟੋਰੀਅਮ (ਸਿਹਤ ਕੇਂਦਰ) ਹੈ। ਹਸਪਤਾਲ ਵਿਚ ਤਾਂ ਦਵਾਈਆਂ, ਟੀਕਿਆਂ ਅਤੇ ਆਪਰੇਸ਼ਨਾਂ ਨਾਲ ਇਲਾਜ਼ ਕੀਤਾ ਜਾਂਦਾ ਹੈ । ਹਸਪਤਾਲ ਵਿਚ ਬੀਮਾਰ ਦਾਖਲ ਕੀਤੇ ਜਾਂਦੇ ਹਨ । ਇਥੇ ਸਿਹਤ ਨੂੰ ਬੇਹਤਰ ਬਨਾਉਣ ਵਾਲੇ ਆਂਦੇ ਹਨ । ਇਥੇ ਵਾਤਾਵਰਨ ਨਾਲ ਕੁਦਰਤੀ ਹਵਾਵਾਂ ਪਾਣੀਆਂ ਆਦਿ ਨਾਲ ਵਰਤਾਰਾ ਕੀਤਾ ਜਾਂਦਾ ਹੈ । ਇਥੇ ਬਹੁਤ ਸਾਰੇ ਲੋਕ ਰਹਿ ਰਹੇ ਸਨ । ਉਹਨਾਂ ਨੂੰ ਪਰਖਣ ਲਈ ਮਸ਼ੀਨਾਂ ਵੀ ਸਨ ਅਤੇ ਭਾਫ ਨਾਲ ਇਲਾਜ ਵੀ ਕਰਦੇ ਅਸੀਂ ਵੇਖੇ । ਇਸ ਬਾਰੇ ਬਹੁਤੀ ਜਾਣਕਾਰੀ ਅਸੀਂ ਨਹੀਂ ਦੇ ਸਕਦੇ ਨਾ ਹੀ ਉਥੇ ਦਾਖਲ ਲੋਕਾਂ ਦੇ ਪ੍ਰਤੀਕਰਮ ਦੇ ਸਕਦੇ ਹਾਂ ਪਰ ਇਹ ਸ਼ਹਿਰ ਸੈਨੀਟੋਰੀਅਮਾਂ ਨਾਲ ਭਰਿਆ ਪਿਆ ਹੈ । ਲਾਬੀ ਵਿਚ ਬਹੁਤ ਖੂਬਸੂਰਤ ਕੰਧ ਚਿੱਤਰ ਸਨ ਅਤੇ ਉਰਦੂ ਅੱਖਰਾਂ ਨਾਲ ਮਿਲਦੀ ਲਿਪੀ ਵਿਚ ਕੰਧ ਤੇ ਬਹੁਤ ਵੱਡੀ ਕਵਿਤਾ ਲਿਖੀ ਸੀ । ਉਹ ਸ਼ਬਦ ਮੈਂ ਪੜ੍ਹ ਸਕਦਾ ਸੀ ਪਰ ਅਰਥ ਨਹੀਂ । ਮੈਂ ਮੁਖ ਡਾਕਟਰ ਨੂੰ ਪੁਛਿਆ ਇਹ ਕਿਹੜੀ ਬੋਲੀ ਹੈ ? ਉਸ ਕਿਹਾ ਇਹ ਅਰਬੀ ਹੈ ਪਰ ਮੈਂ ਗਹੁ ਨਾਲ ਵੇਖਿਆ ਕਿ ਅਖੀਰ ਤੇ ਕਵੀ ਦਾ ਨਾਮ ਵੀ ਲਿਖਿਆ ਸੀ ਜੋ ਸਾਫ਼ ਪੜ੍ਹਿਆ ਜਾ ਰਿਹਾ ਸੀ ਇਹ ਸੀ 'ਬਾਬਰ' ।

ਮੇਰੇ ਦਿਮਾਗ ਵਿਚ ਆਇਆ ਹਿੰਦੁਸਤਾਨ ਜਿੱਤਣ ਵਾਲਾ ਬਾਬਰ ਵੀ ਤਾਂ ਇਕ ਕਵੀ ਸੀ ਅਤੇ ਹੈ ਵੀ ਉਜ਼ਬੇਕਿਸਤਾਨ ਦਾ ਜਮਪਲ ਸੀ । ਮੈਂ ਇਹ ਗੱਲ ਡਾਕਟਰ ਨੂੰ ਦੱਸੀ ਅਤੇ ਨਾਲ ਕਿਹਾ ਕਿ ਇਹ ਅਰਬੀ ਨਹੀਂ ਫਾਰਸੀ ਹੋਵੇਗੀ—ਪਰ ਡਾਕਟਰ ਨੂੰ ਇਸ ਗੱਲ ਦਾ ਕੋਈ ਇਲਮ ਨਹੀਂ ਸੀ ।

ਸੈਨੀਟੋਰੀਅਮ ਦਾ ਸਾਫ ਹਵਾ ਵਾਲਾ ਵਾਤਾਵਰਨ, ਖੂਬਸੂਰਤੀ, ਸਫਾਈ ਅਤੇ ਸਾਤਵਿਕ ਜਿਹੀ ਸਜਾਵਟ ਅਤੇ ਹਰੇ ਭਰੇ ਘਾਹ ਦੇ ਲਾਅਨ ਇਥੇ ਟਿਕਨ ਵਾਸਤੇ ਦਾਅਵਤ ਦਿੰਦੇ ਪ੍ਰਤੀਤ ਹੁੰਦੇ ਸਨ । ਸਾਡੇ ਜੱਥੇ ਵਿਚ ਕੁਝ ਡਾਕਟਰ ਵੀ ਸਨ ਜੋ ਬਹੁਤ ਕੁਝ ਜਾਨਣਾ ਪਰਖਣਾ ਚਾਹੁੰਦੇ ਸਨ । ਪਰ ਉਹਨਾਂ ਦੇ ਹੱਥ ਪੱਲੇ ਕੁਝ ਨਹੀਂ ਸੀ ਪੈ ਰਿਹਾ ਪ੍ਰਤੀਤ ਹੁੰਦਾ । ਤਕਨੀਕੀ ਜਾਣਕਾਰੀ ਦੀ ਅਣਹੋਂਦ ਦੀ ਇਹਨਾਂ ਡਾਕਟਰ ਮਿੱਤਰਾਂ ਨੂੰ ਸ਼ਕਾਇਤ ਹੀ ਰਹੀ ।

ਮੀਂਹ ਦੀਆਂ ਛੋਟੀਆਂ ਛੋਟੀਆਂ ਕਣੀਆਂ ਵਿਚ ਅਸੀਂ ਵਿਦਾਅ ਲਈ । ਸੈਨੀਟੋਰੀਅਮ ਦੇ ਗੇਟ ਤਕ ਮੁਖ ਡਾਕਟਰ ਸਾਨੂੰ ਛੱਡਣ ਆਏ ਸਨ । ਸੋਚੀ ਸ਼ਹਿਰ ਦੀਆਂ ਸੜਕਾਂ ਦੁਆਲੇ ਦਰਖਤਾਂ ਅਤੇ ਘਾਹ ਦੀ ਭਰਪੂਰ ਹਰਿਆਵਲ ਸੀ । ਇਹਨਾਂ ਰੁਖਾਂ ਵਿਚੋਂ ਵਲੇਵੇਂ ਖਾਂਦੀ ਬੱਸ ਹੁਣ ਸਾਨੂੰ ਇਥੋਂ ਦੇ ਇਕ ਖਾਸ ਰੁੱਖ ਨੂੰ ਵਖਾਉਣ ਵਾਸਤੇ ਲੈਜਾ ਰਹੀ ਸੀ । ਸੱਜੇ ਹੱਥ ਕਾਲੇ ਸਾਗਰ ਦਾ ਨਜ਼ਾਰਾ ਸੀ ਜੋ ਚਲਦੀ ਬੱਸ ਚੋਂ ਕਦੀ ਪਰਗਟ ਹੁੰਦਾ ਤੇ ਕਦੀ ਅਲੋਪ ।

ਗਾਈਡ ਕੁੜੀ ਦੀ ਇਕ ਤਸਵੀਰ ਇਕ ਯਾਤਰੀ ਨੇ ਖਿੱਚ ਲਈ । ਉਹ ਕਹਿਣ ਲਗੀ ਕਿ ਮੇਰੀਆਂ ਲੋਕਾਂ ਨੇ ਜਿੰਨੀਆਂ ਤਸਵੀਰਾਂ ਖਿੱਚੀਆਂ ਨੇ ਏਨੀਆਂ ਕਿਸੇ ਐਕਟਰੇਸ ਦੀਆਂ ਨਹੀਂ ਖਿੱਚੀਆਂ ਹੋਣੀਆਂ । ਉਹ ਗੱਲਾਂ ਬਾਤਾਂ ਵਿਚ ਦਰਸ਼ਕਾਂ ਨੂੰ ਲਾਈ ਰਖਦੀ ਸੀ । ਸ਼ਹਿਰ ਦੇ ਵੱਖ ਵੱਖ ਬਾਜ਼ਾਰ ਅਤੇ ਵਿਕਰੀ ਸਟੋਰਾਂ ਨੂੰ ਦਿਖਾਉਂਦੀ ਉਹ ਉਸ ਥਾਂ ਲੈ ਗਈ ਜਿਸ ਕਾਰਨ ਸੋਚੀ ਦਾ ਨਾਮ ਹੀ ਪੈ ਗਿਆ 'ਦੋਸਤੀ ਦਾ ਰੁੱਖ' ।

ਜਦੋਂ ਸਾਡੇ ਪ੍ਰੋਗਰਾਮ ਵਿਚ ਦੋਸਤੀ ਦੇ ਰੁੱਖ ਦਾ ਬਾਰ ਬਾਰ ਜ਼ਿਕਰ ਆ ਰਿਹਾ ਸੀ ਤਾਂ ਅਸਾਂ ਸਮਝਿਆ ਸੀ ਕਿ ਇਹ ਇਕ ਨਾਹਰਾ ਹੀ ਹੋਵੇਗਾ । ਜਦੋਂ ਦੋਸਤੀ ਅਤੇ ਅਮਨ ਦੀਆਂ ਹੀ ਗੱਲਾਂ ਹੋ ਰਹੀਆਂ ਹੋਣ ਤਾਂ ਇਕ ਰੁੱਖ ਦਾ ਨਾਮ ਵੀ ਰੱਖ ਦਿੱਤਾ ਹੋਵੇਗਾ । ਪਰ ਜਦੋਂ ਬੱਸ ਇਕ ਉੱਚੇ ਪਹਾੜੀ ਥਾਂ ਤੇ ਸੁੰਦਰ ਬਾਗੀਚੇ ਵਿਚ ਜਾ ਰੁਕੀ ਤਾਂ ਪਤਾ ਲਗਾ ਇਹ ਹੋਰ ਹੀ ਗੱਲ ਹੈ ।

ਦੋਸਤੀ ਦੇ ਰੁਖ ਵਲ ਜਾਂਦਿਆਂ ਛੋਟੇ ਛੋਟੇ ਸਕੂਲੀ ਬੱਚਿਆਂ ਦੇ ਜੱਥੇ ਵੀ ਮਿਲੇ ਜੋ ਚਲਦੇ ਫਿਰਦੇ ਫੁੱਲ ਹੀ ਲਗ ਰਹੇ ਸਨ । ਇਹ ਸੋਵੀਅਤ ਯੂਨੀਅਨ ਦੇ ਦੂਰ ਦੁਰਾਡੇ ਇਲਾਕਿਆਂ ਚੋਂ ਆਏ ਹੋਏ ਸਨ । ਗਾਉਂਦੇ ਨਚਦੇ ਟਪਦੇ ਜਾ ਰਹੇ ਸਨ । ਹੋਰ ਵੀ ਯਾਤਰੂ ਦੁਨੀਆ ਦੇ ਵੱਖ ਵੱਖ ਹਿਸਿਆਂ ਤੋਂ ਆਏ ਸਨ ।

ਨਰਮ ਨਰਮ ਘਾਹ ਦੇ ਮੈਦਾਨਾਂ ਵਿਚ ਘਣੇ ਬਿਰਖਾਂ ਅਤੇ ਬੂਟਿਆਂ ਵਿਚ ਘਿਰੀ ਇਕ ਇਮਾਰਤ ਸੀ । ਉਥੇ ਸਾਨੂੰ ਬੈਠਾ ਕੇ ਇਸ ਰੁਖ ਬਾਰੇ ਦਸਿਆ ਗਿਆ ।

ਸਦਾ ਬਹਾਰ ਹਰੇ ਪੱਤਿਆਂ ਵਾਲੇ ਮੈਗਨੋਲੀਆ ਰੁਖਾਂ ਦੀ ਝਿੜੀ ਇਸ ਰਿਵੇਰੀਆ ਪਾਰਕ ਵਿਚ ਬਣੀ ਹੈ । ਕਹਾਣੀ ਇਵੇਂ ਹੈ ਕਿ ਇਹਨਾਂ ਨੂੰ ਵਡੇ ਵਡੇ ਨੀਤੀਵੇਤਾਵਾਂ ਪਬਲਿਕ ਲੀਡਰਾਂ ਅਤੇ ਕਾਸਮੋਨਾਟਾਂ ਨੇ ਲਾਇਆ ਹੈ । ਇਕ ਅਕਤੂਬਰ ੧੯੭੫ ਨੂੰ ਸੋਵੀਅਤ ਯੂਨੀਅਨ ਦੇ ਪੁਲਾੜੀ ਜਹਾਜ਼ ਸੋਯੂਜ਼ ਅਤੇ ਅਪੋਲੋ ਦੇ ਅਮਲੇ ਨੇ ਕੁਝ ਮੈਗਨੋਲੀਆ ਬਿਰਖ ਲਾਏ ਸਨ । ਬਲਗਾਰੀਆ, ਹੰਗਰੀ, ਪੋਲੈਂਡ, ਰੋਮਾਨੀਆ, ਚੈਕੋਸਲਵਾਕੀਆ, ਪੂਰਬੀ ਜਰਮਨੀ, ਫਰਾਂਸ, ਫਿਨਲੈਂਡ ਆਦਿਕ ਦੇਸ਼ਾਂ ਦੇ ਲੋਕ ਆਪਣੇ ਆਪਣੇ ਕੌਮੀ ਦਿਨਾਂ ਉਤੇ


Sri Satguru Jagjit Singh Ji eLibrary NamdhariElibrary@gmail.com

ਇਥੇ ਆ ਕੇ ਸੋਚੀ ਵਿਚ ਇਹ ਰੁੱਖ ਲਾਉਂਦੇ ਰਹੇ ਹਨ। ਇਹਨਾਂ ਰੁੱਖਾਂ ਦਾ ਵੱਡੇ ਹੋਣਾ ਸੋਵੀਅਤ ਯੂਨੀਅਨ ਨਾਲ ਇਹਨਾਂ ਦੀ ਦੋਸਤੀ ਦਾ ਵਡੇਰੇ ਹੋਣਾ ਸਮਝਿਆ ਜਾਂਦਾ ਹੈ।

ਪਰ ਦੋਸਤੀ ਦਾ ਰੁੱਖ ਜਿਹੜਾ ਖਾਸ ਹੈ ਉਹ ਇਹਨਾਂ ਰੁੱਖਾਂ ਤੋਂ ਇਕ ਗਲੋਂ ਬਹੁਤ ਨਿਆਰਾ ਹੈ। ਉਹ ਇਵੇਂ ਕਿ ਅਗੇ ਤਾਂ ਦੋਸਤੀ ਦੇ ਵੱਖ ਵੱਖ ਰੁੱਖ ਵੱਖ ਵੱਖ ਲੋਕਾਂ ਵਲੋਂ ਲਾਏ ਗਏ ਪਰ ਇਸ ਇਕੋ ਰੁੱਖ ਨੂੰ ਵੱਖ ਵੱਖ ਲੋਕਾਂ ਨੇ ਕੋਈ ੬੦੦ ਵਾਰੀ ਪਿਉਂਦ ਲਾਈ ਹੈ। ਖੱਟੇ (ਸਿਟਰਸ) ਦੇ ਇਸ ਰੁੱਖ ਦੀਆਂ ਵੱਖ ਵੱਖ ਕਲਮਾਂ ਨੂੰ ਵੱਖ ਵੱਖ ਸਰਕਾਰਾਂ ਦੇ ਮੁਖੀਆਂ, ਕਮਿਊਨਿਸਟ ਤੇ ਕਿਰਤੀ ਪਾਰਟੀ ਦੇ ਲੀਡਰਾਂ, ਕੌਮੀ ਪਾਰਲੀਮੈਂਟ ਦੇ ਮੈਂਬਰਾਂ, ਕਾਮਿਆਂ ਕਵੀਆਂ, ਕਲਾਕਾਰਾਂ, ਜੰਗੀ ਜੋਧਿਆਂ, ਅੰਤਰਰਾਸ਼ਟਰੀ ਲੈਨਿਨ ਇਨਾਮ ਜੇਤੂਆਂ, ਸੋਵੀਅਤ ਅਤੇ ਅਮਰੀਕਨ ਪੁਲਾੜ ਯਾਤਰੀਆਂ ਨੇ ਇਸ ਨੂੰ ਪਿਉਂਦ ਲਾਈ ਹੈ। ਇਕ ਸੌ ਤਰਤਾਲੀ ਦੇਸ਼ਾਂ ਦੇ ਲੋਕਾਂ ਦੇ ਇਸ ਤੇ ਦਸਖਤ ਹਨ।

ਇਸ ਦੀ ਦਿਲਚਸਪ ਕਹਾਣੀ ਵੀ ਹੈ।

ਸੰਨ ੧੯੩੪ ਵਿਚ ਰੂਸੀ ਬਾਗਬਾਨੀ ਵਿਗਿਆਨੀ ਫਿਓਦੋਰ ਮਿਖਾਇਲੋਵਿਚ ਜ਼ੋਰਿਨ ਨੇ ਇਕ ਜੰਗਲੀ ਨਿੰਬੂ ਦਾ ਬੂਟਾ ਲਾਇਆ। ਉਸ ਨੇ ਕੋਰੇ ਦੇ ਅਸਰ ਤੋਂ ਨਿਰਲੇਪ ਕਿਸਮਾਂ ਤਿਆਰ ਕਰਨ ਵਾਸਤੇ ਪਿਉਂਦਾਂ ਲਾਈਆਂ ਅਤੇ ਤਜਰਬੇ ਕੀਤੇ। ਕੁਝ ਸਾਲਾਂ ਬਾਦ ਇਹ ਇਕੋ ਛੋਟਾ ਬੂਟਾ ਵੱਖ ਵੱਖ ਕਿਸਮਾਂ ਦਾ ਫਲ ਦੇਣ ਵਾਲਾ ਇਕ ਬਾਗ ਹੀ ਬਣ ਗਿਆ।

ਅਕਤੂਬਰ ੧੯੪੦ ਵਿਚ ਸੋਵੀਅਤ ਯੂਨੀਅਨ ਦੇ ਬਰਫ ਨਾਲ ਜੰਮੇ ਹੋਏ ਸਾਗਰ ਆਰਕਟਿਕ ਦਾ ਇਕ ਮਸ਼ਹੂਰ ਖੋਜੀ ਓਟੋ ਜੂਲੀਵਿਚ ਸ਼ਮਿਡ ਜ਼ੋਰਿਨ ਕੋਲ ਆਇਆ ਤਾਂ ਉਹ ਇਹ ਵੇਖ ਕੇ ਹੈਰਾਨ ਹੋ ਗਿਆ ਕਿ ਇਕ ਰੁੱਖ ਨੂੰ ਕਈ ਪ੍ਰਕਾਰ ਦੇ ਖੱਟੇ ਲੱਗੇ ਹੋਏ ਹਨ। ਉਸ ਨੇ ਉਥੇ ਆਪਣੇ ਦਸਤਖਤਾਂ ਨਾਲ ਪਿਉਂਦ ਲਾਈ।

ਜਦੋਂ ਅਸੀਂ ਉਸ ਬਿਰਖ ਕੋਲ ਗਏ ਤਾਂ ਉਹ ਵੱਖ ਵੱਖ ਕਿਸਮ ਦੇ ਨਿੰਬੂ ਖੱਟਿਆਂ ਨਾਲ ਝੁਕਿਆ ਪਿਆ ਸੀ। ਜਿਥੇ ਜਿਥੇ ਪਿਉਂਦ ਲਗੀ ਸੀ ਉਥੇ ਪਿਉਂਦ ਕਰਨ ਵਾਲੇ ਦਾ ਨਾਮ ਸੀ। ਇਹਦੇ ਵਿਚ ਕੁਲ ਦੁਨੀਆ ਦੇ ਵੱਡੇ ਵੱਡੇ ਨੇਤਾਵਾਂ ਦੇ ਨਾਮ ਸਨ। ਇਸ ਵੇਲੇ ਭਾਰਤੀ ਪਿਉਂਦਕਾਰਾਂ ਦੇ ਨਾਮ ਯਾਦਾਂ ਤੋਂ ਉਹਲੇ ਹੋ ਗਏ ਹਨ ਪਰ ਭਾਰਤੀ ਲੋਕ ਸਭਾ ਦੇ ਪਹਿਲੇ ਸਪੀਕਰ ਸ੍ਰੀ ਆਇੰਗਰ ਦਾ ਨਾਮ ਯਾਦ ਹੈ। ਬਿਰਖ ਦੀਆਂ ਘਣੀਆਂ ਟਾਹਣੀਆਂ ਵਿਚੋਂ ਹਰੇ ਪੱਤਾਂ ਵਿਚੋਂ ਵੱਖ ਵੱਖ ਤਰਹ ਦੇ ਪੀਲੇ ਰੰਗ ਦੇ ਫਲ ਅਤੇ ਨਾਲ ਹੀ ਗੋਲ ਗੋਲ, ਨਾਮਾਂ ਵਾਲੀਆਂ ਪਲੇਟਾਂ ਲਟਕ ਰਹੀਆਂ ਸਨ।

ਬਹੁਤ ਯਾਤਰੂਆਂ ਨੂੰ ਗਰਾਫਟਿੰਗ (ਪਿਉਂਦ ਲੌਣ) ਬਾਰੇ ਕੁਝ ਪਤਾ ਨਹੀਂ ਹੁੰਦਾ ਹੈ। ਇਥੇ ਮੌਕੇ ਤੇ ਹੀ ਬੂਟਿਆਂ ਦੀ ਸਰਜਰੀ ਸਿਖਾਈ ਜਾਂਦੀ ਹੈ। ਇਵੇਂ ਇਹ ਪਲਾਂਟ ਸਰਜਰੀ ਦਾ ਸਕੂਲ ਵੀ ਹੈ।

ਇਹ ਦੋਸਤੀ ਦਾ ਕੰਪਲੈਕਸ ਹੌਲੀ ਹੌਲੀ ਹੋਰ ਵਿਸ਼ਾਲ ਹੋਇਆ। ਵੱਖ ਵੱਖ ਮੁਲਕਾਂ ਅਤੇ ਸ਼ਹਿਰਾਂ ਦੀਆਂ ਮਿੱਟੀਆਂ ਵੀ ਇਥੇ ਭੇਜੀਆਂ ਗਈਆਂ ਜੋ ਬਰਤਨਾਂ ਵਿਚ ਰੱਖੀਆਂ ਪਈਆਂ ਹਨ। ਅਪਣੇ ਅਪਣੇ ਦੇਸ਼ ਦੀਆਂ ਯਾਦਾਂ ਸੋਵੀਨਾਰ ਵੀ ਲੋਕਾਂ ਭੇਜੇ। ਸਭ ਦੇਸ਼ਾਂ ਦੀਆਂ ਡਾਕ ਟਿਕਟਾਂ ਵੀ ਇਥੇ ਹਨ। ਬੱਚਿਆਂ ਦੀਆਂ ਬਣਾਈਆਂ ਹੋਈਆਂ ਤਸਵੀਰਾਂ ਵੀ ਇਥੇ ਹਨ ਜੋ ਸਾਰੇ ਸੰਸਾਰ ਤੋਂ ਆਈਆਂ ਹਨ। ਪੁਸਤਕਾਂ ਤਸਵੀਰਾਂ ਅਤੇ ਹੋਰ ਤੋਹਫੇ ਇਥੇ ਆਪਣੇ ਆਪਣੇ ਦੇਸ਼ ਤੋਂ ਲੋਕ ਭੇਜਦੇ ਹਨ। ਸਾਰੀਆਂ ਚੀਜ਼ਾਂ ਦੀ ਸਾਂਭ ਸੰਭਾਲ ਇਥੇ ਹੈ ਅਤੇ ਬਾਕਾਇਦਾ ਇਕ ਪ੍ਰਦਰਸ਼ਨੀ ਦਾ ਰੂਪ ਧਾਰਨ ਕੀਤਾ ਹੈ। ਕੋਈ ਵੀ ਵਿਅਕਤੀ ਕੋਈ ਸੁੰਦਰ ਯਾਦਗਾਰੀ ਤੋਹਫਾ ਭੇਜਣਾ ਚਾਹੇ ਤਾਂ ਪਤਾ ਸਿਰਫ ਏਨਾ ਹੈ :

ਦੋਸਤੀ ਦਾ ਰੁੱਖ
ਸੋਚੀ ਯੂ.ਐਸ.ਐਸ.ਆਰ.
Tree of Friendship
Sochi USSR

ਅਸੀਂ ਪੈਦਲ ਬਹੁਤ ਸੈਰ ਕੀਤੀ। ਸਮੁੰਦਰ ਦੇ ਕੰਢੇ ਤੇ ਸੋਹਣੇ ਗੀਟੇ ਚੁੱਗੇ। ਕਈਆਂ ਨੇ ਸਮੁੰਦਰ ਕੰਢੇ ਬੈਠੇ ਕਲਾਕਾਰਾਂ ਕੋਲੋਂ ਝਟਫਟ ਆਪਣੀਆਂ ਤਸਵੀਰਾਂ ਬਨਵਾਈਆਂ ਸ਼ਹਿਰ ਦੇ ਕੁਝ ਸਟੋਰਾਂ ਦਾ ਭਰਮਣ ਕੀਤਾ ਅਤੇ ਚੀਜ਼ਾਂ ਖਰੀਦੀਆਂ। ਮੀਂਹ ਵੀ ਪੈਂਦਾ ਰਿਹਾ ਪਰ ਮੌਸਮ ਬਹੁਤ ਅਨੰਦਮਈ ਸੀ। ਪੈਦਲ ਥੱਕੇ ਹੋਏ ਅਸੀਂ (ਸੈਣੀ ਸਾਹਿਬ ਤੇ ਮੈਂ) ਜਦੋਂ ਹੋਟਲ ਲਾਗੇ ਪੁੱਜੇ ਤਾਂ ਇਕ ਝਾੜੀਆਂ ਦੇ ਝੁੰਡ ਵਿਚੋਂ ਆਪਣੇ ਇਕ ਬਜ਼ੁਰਗ ਸਾਥੀ ਨੂੰ ਨਿਕਲਦਿਆਂ ਵੇਖਿਆ। ਪਰੇ ਜਹੇ ਕੁਝ ਰੂਸੀ ਮੁੰਡੇ ਮਸ਼ਕੂਕ ਜਿਹੀ ਹਾਲਤ ਵਿਚ ਵੇਖੇ। ਅਸੀਂ ਸਾਥੀ ਨੂੰ ਪੁਛਿਆ ਤੂੰ ਇਥੇ ਹਨੇਰੇ ਵਿਚ ਕੀ ਕਰ ਰਿਹਾ ਹੈਂ। ਉਹ ਕਹਿਣ ਲਗਾ "ਇਹਨਾਂ ਵਿਚਾਰਿਆਂ ਨੇ ਮੇਰੇ ਅਗੇ ਤਰਲਾ ਮਾਰਿਆ ਸੀ ਕਿ ਹੋਟਲ ਅੰਦਰੋਂ ਕੁਝ ਸ਼ਰਾਬ ਤੇ ਸਿਗਰਟਾਂ ਲਿਆ ਕੇ ਮੈਂ ਇਹਨਾਂ ਨੂੰ ਦਿਆਂ। ਵਿਚਾਰਿਆਂ ਦੀ ਮੈਂ ਮਦਦ ਕੀਤੀ ਹੈ।" ਸੋਵੀਅਤ ਯੂਨੀਅਨ ਵਿਚ ਸ਼ਰਾਬ ਅਤੇ ਤੰਬਾਕੂ ਵਿਰੁਧ ਜਹਾਦ ਹੋਣ ਕਰਕੇ ਇਹਨਾਂ ਦਾ ਮਿਲਣਾ ਮੁਸ਼ਕਲ ਹੁੰਦਾ ਜਾ ਰਿਹਾ ਹੈ ਪਰ ਜਿੰਨ੍ਹਾਂ ਹੋਟਲਾਂ ਵਿਚ ਵਿਦੇਸ਼ੀ ਆਉਂਦੇ ਹਨ ਉਥੇ ਇਹ ਮਿਲਦੀਆਂ ਹਨ। ਇਸ ਵਾਸਤੇ


Sri Satguru Jagjit Singh Ji eLibrary NamdhariElibrary@gmail.com

ਨਸ਼ਿਓਂ ਟੁੱਟੇ ਲੋਕ ਲੁਕ ਛਿਪ ਕੇ ਬਦੇਸ਼ੀਆਂ ਕੋਲੋਂ ਇਹ ਕਰਾਉਂਦੇ ਹਨ । ਅਸਾਂ ਭੋਲੇ ਸਾਥੀ ਨੂੰ ਮਾੜਾ ਜਿਹਾ ਝਿੜਕਿਆ ਕਿ ਤੈਨੂੰ ਕੀ ਪਤਾ ਕੌਣ ਆਦਮੀ ਹੈ । ਐਵੇਂ ਕਿਸੇ ਮੁਸੀਬਤ ਵਿਚ ਨਾ ਫਸ ਜਾਵੀਂ ਨਾਲ ਸਾਨੂੰ ਵੀ ਫਸਾਵੇਂਗਾ । ਸਾਡੀ ਗੱਲ ਸਮਝਕੇ ਉਹ ਡਰ ਗਿਆ ਤੇ ਆਪਣੀ ਗਲਤੀ ਮੰਨੀ ।

੧੨ ਨਵੰਬਰ ੧੯੮੭ ਵੀਰਵਾਰ ਸਾਡੀ ਵਾਪਸੀ ਸੀ । ਸਾਰਾ ਦਿਨ ਅਸੀਂ ਹਵਾਈ ਜ਼ਹਾਜ਼ 'ਚ ਲੰਘਾਇਆ। ਸੋਚੀ ਤੋਂ ਚਲਕੇ ਸਿਫਰ ਤੋਂ ਚਾਲੀ ਦਰਜੇ ਥਲੇ ਤਾਪਮਾਨ ਵਾਲੇ ਇਲਾਕਿਆਂ ਉਪਰੋਂ ਹੁੰਦੇ ਪੰਜੇ ਘੰਟਿਆਂ 'ਚ ਤਾਸ਼ਕੰਦ ਪੁਜ ਗਏ । ਇਥੋਂ ਮੁੜ ਪਹਿਲੇ ਵਾਲੇ ਜਹਾਜ਼ ਵਿਚ ਸਵਾਰੀ ਕੀਤੀ । ਪਹਿਲੇ ਵਾਲੀਆਂ ਸਾਰੀਆਂ ਸਵਾਰੀਆਂ ਮੁੜ ਇਕ-ਠੀਆਂ ਹੋ ਗਈਆਂ ਸਨ ।

੧੩ ਤਰੀਖ ਤੜਕੇ ਇਕ ਵਜੇ ਜਦੋਂ ਦਿੱਲੀ ਦੇ ਇੰਦਰਾ ਗਾਂਧੀ ਹਵਾਈ ਅੱਡੇ ਤੇ ਜਹਾਜ਼ ਦੇ ਪੈਰ ਲਗੇ ਤਾਂ ਯਾਤਰੂਆਂ ਨੇ ਨਾਅਰੇ ਲਾਏ ਭਾਰਤ ਮਾਤਾ ਦੀ ਜੈ । ਇਥੇ ਫਰੈਂਡਜ਼ ਆਫ ਸੋਵੀਅਤ ਯੂਨੀਅਨ ਵਾਲਿਆਂ ਨੇ ਅਪਣੇ ਆਪਣੇ ਲੀਡਰਾਂ ਨੂੰ ਜ਼ਿੰਦਾਬਾਦ ਵੀ ਕਿਹਾ ।

ਸਾਮਾਨ ਉਡੀਕਣ ਵਿਚ ਕੁਝ ਦੇਰ ਲਗੀ। ਬਾਹਰ ਜਾਣ ਵਾਸਤੇ ਅਧਿਕਾਰੀਆਂ ਨੇ ਸਭ ਨੂੰ ਬਗੈਰ ਚੈਕਿੰਗ ਦੇ ਗਰੀਨ ਚੈਨਲ ਵਿਚੋਂ ਦੀ ਬਾਹਰ ਜਾਣ ਦੀ ਆਗਿਆ ਦਿਤੀ । ਅਗੇ ਸੈਣੀ ਸਾਹਿਬ ਦਾ ਪਰਿਵਾਰ ਕਾਰ ਲੈ ਕੇ ਆਇਆ ਹੋਇਆ ਸੀ । ਮੈਂ ਵੀ ਉਸੇ ਵਾਹਣ ਦੀ ਵਰਤੋਂ ਕੀਤੀ...

ਅਸੀਂ ਇਤਿਹਾਸਕ ਦੇਸ਼ ਸੋਵੀਅਤ ਯੂਨੀਅਨ ਵਿਚ ੧੪ ਦਿਨ ਲੰਘਾਕੇ ਮੁੜ ਦੇਸ ਪਰਤ ਆਏ ਸਾਂ ।


**RAINU**

**Engineering Works Regd.**

**Prop. : S. Mohinder Singh**

Specialists in All Kinds of Auto Repairing, Saw Mills, Millers, Stone Crushers, Gates, Grils, Tata Rim Plate New Fittings & Water Tanks

Repair of Honda Generators and Diesel Generators

**VINAIK BAZAR, JAMMU.**

Phone No. 46894


# ਅਪਣੀ ਲੰਮੀ ਉਮਰ ਵਾਸਤੇ ਯੋਗਦਾਨ

ਵਿਅਕਤੀ ਆਪਣੀ ਲੰਮੀ ਉਮਰ ਵਿਚ ਖੁਦ ਆਪ ਕਾਰਗਰ ਢੰਗ ਨਾਲ ਯੋਗਦਾਨ ਪਾਉਣ ਦੇ ਯੋਗ ਹੈ ।

ਸਿਗਰਟ ਦਾ ਸੇਵਨ ਨਾ ਕਰਨ ਵਾਲਾ ਇਕ ਵਿਅਕਤੀ ਸਿਗਰਟ ਪੀਣ ਵਾਲੇ ਵਿਅਕਤੀ ਦੇ ਮੁਕਾਬਲੇ ੮.੩ ਸਾਲ ਵਧੇਰੇ ਜੀਉਂਦਾ ਰਹਿਣ ਦੇ ਯੋਗ ਹੁੰਦਾ ਹੈ । ਸਿਗਰਟ ਦਾ ਸੇਵਨ ਨਾ ਕਰਨ ਵਾਲੇ ਆਦਮੀ ਨੂੰ ਫੇਫੜੇ, ਗਲੇ ਤੇ ਜੀਭ ਦਾ ਕੈਂਸਰ ਹੋਣ ਦੀ ਬਹੁਤ ਘਟ ਸੰਭਾਵਨਾ ਹੁੰਦੀ ਹੈ । ਇਨ੍ਹਾਂ ਬਿਮਾਰੀਆਂ ਦਾ ੯੫ ਫੀ ਸਦੀ ਕਾਰਨ ਸਿਗਰਟਨੋਸ਼ੀ ਹੁੰਦਾ ਹੈ । ਬਹੁਤ ਜ਼ਿਆਦਾ ਸ਼ਰਾਬ ਦਾ ਸੇਵਨ ਹਿਰਦੇ ਦੇ ਰੋਗਾਂ, ਅਲਸਰ, ਲਹੂ ਦੇ ਉਚੇ ਦਬਾਅ, ਸ਼ਕਰ ਰੋਗ, ਦਮੇ, ਗੰਠੀਏ ਅਤੇ ਨਸਾਂ ਦੀ ਸੋਜ ਦਾ ਕਾਰਨ ਬਣਦਾ ਹੈ। ਯੁਕਤੀ ਪੂਰਨ ਪੌਸ਼ਟਿਕ ਭੋਜਨ ਇਕ ਵਿਅਕਤੀ ਦੀ ਜ਼ਿੰਦਗੀ ਨੂੰ ੫, ੭ ਸਾਲਾਂ ਤਕ ਵਧਾ ਸਕਦਾ ਹੈ ।

ਸਰੀਰਕ ਸਿਖਲਾਈ ਦੁਆਰਾ ਕਿਸੇ ਵਿਅਕਤੀ ਦੀ ਜ਼ਿੰਦਗੀ ਵਿਚ ਹੋਰ ਪੰਜ ਸਾਲ ਸ਼ਾਮਲ ਕੀਤੇ ਜਾ ਸਕਦੇ ਹਨ । ਇਹ ਸਿਧ ਕੀਤਾ ਜਾ ਚੁਕਿਆ ਹੈ ਕਿ ਕਿਸੇ ਬਿਮਾਰੀ ਦੇ ਵਾਧੇ ਤੋਂ ਪਹਿਲਾਂ ਹੀ ਜੇਕਰ ਉਹਦਾ ਪਤਾ ਲਗਾ ਲਿਆ ਜਾਵੇ ਤਾਂ ਇਸ ਨਾਲ ਵੀ ਵਿਅਕਤੀ ਵਧੇਰੇ ਸਾਲਾਂ ਤਕ ਜੀਉਂਦਾ ਰਹਿ ਸਕਦਾ ਹੈ। ੪੦ ਸਾਲ ਤੋਂ ਟੱਪ ਚੁਕੇ ਵਿਅਕਤੀ, ਜੇਕਰ ਉਹ ਸਾਲਾਨਾ ਡਾਕਟਰੀ ਜਾਂਚ ਪੜਤਾਲ ਕਰਾਉਂਦੇ ਰਹਿਣ ਤਾਂ ਆਪਣੀ ਜ਼ਿੰਦਗੀ ਵਿਚ ਹੋਰ ਦੋ ਸਾਲਾਂ ਦਾ ਵਾਧਾ ਕਰਨ ਦੀ ਉਮੀਦ ਕਰ ਸਕਤੇ ਹਨ । ੩੦ ਸਾਲਾਂ ਤੋਂ ਵਧ ਉਮਰ ਦੀਆਂ ਔਰਤਾਂ ਜੇਕਰ ਆਪਣੀ ਸਿਹਤ ਦੀ ਹਰ ਸਾਲ ਜਾਂਚ ਪੜਤਾਲ ਕਰਾਉਂਦੀਆਂ ਰਹਿਣ ਤਾਂ ਆਪਣੀ ਜ਼ਿੰਦਗੀ ਵਿਚ ਹੋਰ ਚਾਰ ਸਾਲ ਦਾ ਵਾਧਾ ਕਰਨ ਦੇ ਯੋਗ ਹੁੰਦੀਆਂ ਹਨ ।

ਅਲੈਗਜਾਂਦਰ ਚਕਲਿਨ
ਸੋਵੀਅਤ ਡਾਕਟਰੀ ਖੋਜ ਸੁਸਾਇਟੀਆਂ
ਦੀ ਕੌਂਸਲ ਦੇ ਉਪ ਪ੍ਰਧਾਨ

---

ਤੁਸੀਂ ਆਪਣੇ ਡੌਲਿਆਂ ਤੇ ਪੱਠਿਆਂ ਨੂੰ ਜੇ ਜ਼ਰਾ ਹੋਰ ਮਜ਼ਬੂਤ ਕਰ ਲਵੋ ਤਾਂ ਗੀਤਾਂ ਦੀ ਸਮਝ ਤੁਹਾਨੂੰ ਚੰਗੇਰੀ ਆ ਜਾਏਗੀ ।
—ਸੁਆਮੀ ਵਿਵੇਕਾ ਨੰਦ




Sri Satguru Jagjit Singh Ji eLibrary NamdhariElibrary@gmail.com



ਸੰਗੀਤ ਕਲਾ ਮੰਚ ਦੇ ਤੇਰਵੇਂ ਵਾਰਸ਼ਕ ਸਮਾਗਮ ਦੇ ਪ੍ਰਧਾਨ ਸ: ਜੀ. ਐਸ. ਸਿੱਧੂ ਇਨਕਮ ਟੈਕਸ ਕਮਿਸ਼ਨਰ ਮੰਤ੍ਰੀ ਪ੍ਰਦਰਸ਼ਨ ਕਰਨ ਉਪਰੰਤ। ਨਾਲ ਖੜੇ ਹਨ ਡਾ: ਜੁਗਿੰਦਰ ਬਾਵਰਾ ਅਤੇ ਜਗਦੀਸ਼ ਸਿੰਘ ਸੰਪਾਦਕ ਵਰਿਆਮ।

# ਸੰਗੀਤ ਕਲਾ ਮੰਚ ਜਲੰਧਰ ਦਾ ਤੇਰਵਾਂ ਸਮਾਗਮ

ਸੰਗੀਤ ਕਲਾ ਮੰਚ ਜਲੰਧਰ ਵਲੋਂ ਤੇਰਵਾਂ ਵਾਰਸ਼ਕ ਸੰਮੇਲਨ ਮਸ਼ਹੂਰ ਭਾਰਤੀ ਗਾਇਕ ਸੁਰਗਵਾਸੀ ਕੁੰਦਨ ਲਾਲ ਸਹਿਗਲ ਨੂੰ ਸਮਰਪਤ ਸੀ। ਐਤਵਾਰ ੨੨ ਜਨਵਰੀ ੧੯੮੯ ਨੂੰ ਲਾਇਨਜ਼ ਕਲੱਬ ਹਾਲ ਜਲੰਧਰ ਵਿਚ ਆਯੋਜਿਤ ਇਸ ਸਮਾਗਮ ਦੀ ਪ੍ਰਧਾਨਗੀ ਸ੍ਰੀ ਜੀ. ਐਸ. ਸਿਧੂ, ਇੰਕਮ ਟੈਕਸ ਕਮਿਸ਼ਨਰ ਨੇ ਕੀਤੀ ਅਤੇ ਉਹਨਾਂ ਦੁਆਰਾ ਹੀ ਸਹਿਗਲ ਸਿਮ੍ਰਤੀ ਗਰੰਥ ਰੀਲੀਜ਼ ਕੀਤਾ ਗਿਆ। ਇਹ ਗਰੰਥ ਮੰਚ ਦੇ ਰੂਹੇ ਰਵਾਂ ਤੇ ਸਕਤਰ ਡਾ: ਜੁਗਿੰਦਰ ਬਾਵਰਾ ਜੀ ਦੀ ਸੰਪਾਦਨਾ ਵਿਚ ਤਿਆਰ ਹੋਇਆ। ਇਸ ਵਿਚ ਸੰਗੀਤ ਕਲਾ ਮੰਚ ਦਾ ਪਿਛਲੇ ੧੨ ਸਾਲਾਂ ਦਾ ਇਤਿਹਾਸ ਤਸਵੀਰਾਂ ਅਤੇ ਲੇਖਾਂ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ।

ਪ੍ਰੋਗਰਾਮ ਦਾ ਆਰੰਭ ਸ੍ਰੀ ਕ੍ਰਿਸ਼ਨ ਸ਼ਾਂਤ ਦੇ ਭਜਣ ਨਾਲ ਹੋਇਆ, 'ਮਨ ਸਮਝਾ ਲੇ ਰੇ ਪ੍ਰਾਣੀ। ਉਸ ਬਾਦ ਕੁਮਾਰੀ ਸੁਨੰਦਾ ਸੌਰਭ ਨੇ ਇਕ ਗਜ਼ਲ ਗਾਈ।

"ਅਗਰ ਆਊਂ ਆਪਣੀ ਜ਼ਿਦ ਪਰ ਤੁਝੇ ਕਿਆ ਸੇ ਕਿਆ ਬਣਾ ਦੂੰ"। ਸ੍ਰੀ ਸਰਿੰਦਰ ਸ਼ਰਮਾ ਦੀ ਇਕ ਰਚਨਾ ਗਾਉਣ ਤੋਂ ਬਾਦ ਸਾਜ਼ਾਂ ਤੇ ਕੇ ਐਲ.ਸਹਿਗਲ ਦੇ ਗਾਏ ਇਕ ਗੀਤ "ਜਬ ਦਿਲ ਹੀ ਟੂਟ ਗਿਆ" ਦੀ ਧੁਨ ਵਜਾਈ ਗਈ। ਇਸ ਆਰਕੈਸਟਰਾ ਵਿਚ ਸ੍ਰੀ ਹਰਮਿੰਦਰ ਸਿੰਘ (ਗਿਟਾਰ) ਡਾ: ਜੁਗਿੰਦਰ ਬਾਵਰਾ (ਸਿਤਾਰ), ਸ੍ਰੀ ਸੁਰਿੰਦਰ ਸ਼ਰਮਾ (ਹਾਰਮੋਨੀਅਮ) ਸ੍ਰੀ ਕ੍ਰਿਸ਼ਨ ਸ਼ਾਂਤ ਕੈਸਿਓ ਅਤੇ ਸ੍ਰੀ ਕਾਲੇ ਰਾਮ (ਤਬਲਾ) ਸ਼ਾਮਲ ਹੋਏ। ਧੁਨ ਨੇ ਬਹੁਤ ਪ੍ਰਭਾਵਤ ਕੀਤਾ। ਇਸ ਦੇ ਬਾਦ ਸ੍ਰੀਮਤੀ ਡੌਲੀ ਰਾਏ ਨੇ ਇਕ ਭਜਨ ਗਾਇਆ 'ਮੈਂ ਰਾਮ ਨਾਮ ਕੀ ਚੂੜੀਆਂ ਪਹਿਨੂੰ ਪ੍ਰੇਮ ਕਾ ਸੁਰਮਾ ਡਾਲੂੰ' ਬਾਦ ਵਿਚ ਉਹਨਾਂ ਇਕ ਗ਼ਜ਼ਲ ਗਾਈ। ਗੁਰਦੀਪ ਸਿੰਘ ਹੁਸ਼ਿਆਰਪੁਰ ਨੇ ਨੰਦ ਲਾਲ ਨੂਰਪੁਰੀ ਦਾ ਗ਼ੀਤ ਵੇ ਸਜਣ ਤੇਰੀ ਨੌਕਰ ਹੋ ਹੋ ਗਈਆਂ ਇਵੇਂ ਗਾਇਆ ਜਿਵੇਂ ਜਚ ਮੁਚ ਗੁਲਾਮ ਅਲੀ ਗਾ ਰਿਹਾ ਹੋਵੇ। ਪ੍ਰੋ: ਹਰੀ ਦੇਵ ਦੀ ਕਾਫੀ "ਮੇਰੀ ਖੁਲ ਗਈ ਪਟਕ ਦੇ ਕੇ ਅੱਖ ਨੀ ਗਲੀ ਵਿਚੋਂ ਕੌਣ ਲੰਘਿਆ," ਕੁਮਾਰੀ ਅਰੁਣਾ ਵਾਲੀਆਂ ਦੀਆਂ ਦੋ ਗਜ਼ਲਾਂ ਅਤੇ ਜਲੰਧਰ ਦੇ ਪਰਮੁਖ ਗ਼ਜ਼ਲ ਗਾਇਕ ਗੁਰਦੀਪ ਸਿੰਘ ਦੀ ਇਕ ਗਜ਼ਲ ਬਾਦ ਸੁਧੀਰ ਕੌਸ਼ਲ ਨੇ ਆਪਣੀ ਗਜ਼ਲ, 'ਕੌਣ ਆਇਆ ਸਾਂਚੇ ਮੇਂ ਢਲ ਕੇ' ਗਾ ਕੇ ਮਹਿਫਲ ਲੁਟ ਲਈ। ਸ੍ਰੀ ਸੀ ਐਲ ਪਾਲ ਨੇ ਸਹਿਗਲ ਦੇ ਗੀਤ ਗਾਏ ਜਾਣ ਬਾਦ ਅੰਤ ਤੇ ਵਾਰੀ ਆਈ ਪ੍ਰਸਿਧ ਕਲਾਕਾਰ ਉਸਤਾਦ ਮਹਿੰਦਰ ਸਿੰਘ ਜੀ ਦੀ। ਉਹਨਾਂ ਨੇ ਆਪਣੇ ਨਵੇਕਲੇ ਅੰਦਾਜ਼ ਵਿਚ ਇਕ ਗਜ਼ਲ ਗਾਈ।

ਗੁਜ਼ਰ ਗਿਆ ਜ਼ਮਾਨਾ ਗਲੇ ਲਗਾਏ ਹੂਏ।
ਮਜ਼ੇ ਵਿਸਾਲ ਕੇ ਮੁਦੱਤ ਹੂਈ ਭੁਲਾਏ ਹੂਏ।

ਅੰਤ ਉਤੇ ਮੁਖ ਮਹਿਮਾਨ ਸੀ ਜੀ. ਐਸ. ਸਿਧੂ ਨੇ ਕਲਾਕਾਰਾਂ ਨੂੰ ਮੋਮੈਂਟੋ ਵੰਡੇ।

ਸਟੇਜ ਸਕਤਰ ਦੇ ਫਰਜ਼ ਆਕਾਸ਼ ਵਾਣੀ ਵਾਲੇ ਸ੍ਰੀ ਚੌਧਰੀ ਜੀ ਨੇ ਨਵੇਕਲੇ ਅੰਦਾਜ਼ ਵਿਚ ਨਿਭਾਏ। ਡਾ: ਜੁਗਿੰਦਰ ਬਾਵਰਾ ਨੇ ਆਏ ਸਰੋਤਿਆਂ ਦਾ ਧਨਵਾਦ ਕੀਤਾ। ਬਾਵਰਾ ਜੀ ਦੀ ਦਿਨ ਰਾਤ ਦੀ ਮਿਹਨਤ ਦੀ ਦਾਦ ਹਰ ਕੋਈ ਦੇ ਰਿਹਾ ਸੀ ਜਿਹਨਾਂ ਨੇ ਸੰਗੀਤ ਕਲਾ ਮੰਚ ਜਲੰਧਰ ਦਾ ਝੰਡਾ ਉਚਾ ਰਖਿਆ ਹੈ। ਯਾਦ ਰਹੇ ਕਿ ਇਸ ਮੰਚ ਦਾ ਪਹਿਲਾ ਪਰੋਗਰਾਮ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਹੋਇਆ ਸੀ।

Sri Satguru Jagjit Singh Ji eLibrary NamdhariElibrary@gmail.com

# ਪ੍ਰਤੀਕ੍ਰਿਆ

ਵਰਿਆਮ ਜਨਵਰੀ ਦਾ ਮਿਲ ਗਿਆ ਹੈ। ਪੜ੍ਹਕੇ ਬਹੁਤ ਅਨੰਦ ਆਉਂਦਾ ਹੈ। ਚਿਤ ਕਰਦਾ ਰਹਿੰਦਾ ਹੈ ਕਿ ਵਰਿਆਮ ਪੜ੍ਹਦੇ ਹੀ ਰਹੋ। ਸਤਿਗੁਰੂ ਆਪ ਨੂੰ ਹੋਰ ਵੀ ਉੱਦਮ ਤੇ ਪਿਆਰ ਉਤਸ਼ਾਹ ਬਖਸ਼ੇ ਚੜ੍ਹਦੀਆਂ ਕਲਾਂ ਵਿਚ ਰੱਖੇ।

ਨਰੰਜਨ ਸਿੰਘ ਗਹੀਰ
ਲੁਧਿਆਣਾ

——

ਪਰਚੇ ਵਿਚ ਲਗਭਗ ਸਾਰਾ ਮੈਟਰ ਹੀ ਸ਼ਲਾਘਾ ਯੋਗ ਹੈ। ਵੱਖੋ ਵਖਰੀ ਪ੍ਰਸੰਸਾ ਕਰਨੀ ਨਾ ਤਾਂ ਸੰਭਵ ਹੈ ਨਾ ਬਹੁਤੀ ਲੋੜ ਕਿਉਂਕਿ ਮੈਨੂੰ ਤਾਂ ਇਹੋ ਪਤਾ ਹੈ ਕਿ ਪਰਚਾ ਕਾਫੀ ਨਿਖਰਿਆ ਹੋਇਆ ਹੈ। ਇਸੇ ਵਰਿਆਮ ਦੇ ਪੁਰਾਣੇ ਦੋ ਅੰਕ ਮੇਰੇ ਕੋਲ ਪਏ ਹਨ ਉਹਨਾਂ ਨਾਲੋਂ ਬੇਹੱਦ ਫਰਕ ਹੈ।

ਨਿਰਵੈਰ ਸਿੰਘ ਅਰਸ਼ੀ ਦੀ ਕਵਿਤਾ ਉਹਨਾਂ ਦੇ ਲੇਖ ਤੋਂ ਵਧੇਰੇ ਸੁੰਦਰ ਹੈ। ਠੀਕ ਹੀ ਇਸ ਨੂੰ ਧਰਮ ਪ੍ਰਚਾਰ ਲਈ ਵੰਡਿਆ ਜਾਣਾ ਚਾਹੀਦਾ ਹੈ। ਗਣਤੰਤਰ ਦਿਵਸ ਤੇ ਸ.ਸ. ਅਮੋਲ ਵਲੋਂ ਅਜੀਤ ਅਖਬਾਰ ਵਿਚ "ਸਿਰ ਦੇਣਾ ਮਨਜ਼ੂਰ ਹੈ, ਜੇ ਹਿੰਦ ਨਾ ਜਾਏ" ਸਿਰਲੇਖ ਅਧੀਨ ਲਿਖੇ ਲੇਖ ਵਿਚ ਵੀ ਨਾਮਧਾਰੀ ਲਹਿਰ ਦਾ ਜ਼ਿਕਰ ਕਰਦਿਆਂ ਲੇਖਕ ਨੇ 'ਵਰਿਆਮ' ਨੂੰ ਯਾਦ ਰੱਖਿਆ ਹੈ।...ਭੈਣੀ ਸਾਹਿਬ ਦੀ ਰਿਪੋਰਟ ਪੜ੍ਹਕੇ ਵੀ ਬੜਾ ਅਨੰਦ ਆਇਆ। ਦਿਲ ਇਸ ਥਾਂ ਦੇ ਦਰਸ਼ਨਾਂ ਦੀ ਤਾਂਘ ਕਰਨ ਲਗਾ ਪਰ "ਆਪ ਜਪਾਏ ਜਪੈ ਸੁ ਨਾਉ" ਅਨੁਸਾਰ ਜਦੋਂ ਦਾਤੇ ਦੀ ਕਿਰਪਾ ਹੋਈ— ਦਰਸ਼ਨ ਵੀ ਉਦੋਂ ਹੀ ਹੋਣਗੇ ਤੇ ਸਿਮਰਨ ਵੀ।

ਪਰਚੇ ਦੀ ਛਪਾਈ ਵੀ ਵਖਰੇ ਤੌਰ ਤੇ ਸਿਫਤ ਕਰਨ ਯੋਗ ਹੈ। ਪਰੂਫ ਰੀਡਿੰਗ ਵਿਚ ਇਕ ਵੀ ਗਲਤੀ ਨਹੀਂ। ਤੁਹਾਡੀ ਮਿਹਨਤ ਪੰਜਾਬੀ ਭਾਸ਼ਾ ਨੂੰ, ਪੰਜਾਬੀ ਲੋਕਾਂ ਨੂੰ ਕੁਝ ਅਗਲੀਆਂ ਮੰਜ਼ਲਾਂ ਦਿਖਾ ਸਕੇਗੀ।

ਜਸਵਿੰਦਰ ਸਿੰਘ ਸਾਇੰਸ ਮਾਸਟਰ
ਸਰਕਾਰੀ ਹਾਈ ਸਕੂਲ—ਕਕਰਾਲਾ
ਤਹਿ: ਸਮਾਣਾ (ਪਟਿਆਲਾ)

——

ਫਰਵਰੀ ਦਾ ਵਰਿਆਮ ਪੁੱਜਾ, ਹਰ ਵਾਰ ਦੀ ਤਰ੍ਹਾਂ ਸਾਮਗਰੀ ਅਤੀ ਗਿਆਨਵਰਧਕ ਅਤੇ ਭਾਵ ਪੂਰਤ ਸੀ, ਸੋਵੀਅਤ ਯੂਨੀਅਨ ਦੀ ਯਾਤਰਾ ਦਾ ਵਰਣਨ ਤਾਂ ਕੈਮਰੇ ਦੀ ਅੱਖ ਨੂੰ ਵੀ ਮਾਤ ਪਾਉਂਦਾ ਹੈ। ਉਪਰਾਲਾ ਕਰੋ ਕਿ ਲੇਖ ਲੜੀ ਦੀ ਸੰਪੂਰਨਤਾ ਦੇ ਨਾਲ ਹੀ ਇਹ ਰੌਚਕ ਹਾਲ ਪੁਸਤਕ ਦੇ ਰੂਪ ਵਿਚ ਵੀ ਪ੍ਰਕਾਸ਼ਤ ਹੋ ਜਾਵੇ। ਯਕੀਨ ਜਾਣੋਂ, ਆਪ ਦੀ ਭਾਵੀ ਪੁਸਤਕ ਦਾ ਪੰਜਾਬੀ ਸਫ਼ਰਨਾਮਿਆਂ ਵਿਚ ਵਿਲੱਖਣ ਅਤੇ ਅਨੂਠਾ ਸਥਾਨ ਹੋਵੇਗਾ।

ਇਸ ਅੰਕ ਦੇ ਪੰਨਾ ੭ ਉਤੇ ਅਪਣੀ ਛਪੀ ਗ਼ਜ਼ਲ ਸਬੰਧੀ ਇਕ **ਸਖਤ ਗਿਲਾ** ਵੀ ਹੈ। ਚੌਥੀ ਲਾਈਨ ਵਿਚ 'ਧਿੰਙਾਣੇ' ਦੀ ਥਾਂ 'ਧਿੰਢਾਣੇ' ਛੱਪ ਗਿਆ ਹੈ, ਅੱਗੇ ਜਾ ਕੇ ਜੌਹਰੀ ਦੀ ਥਾਂ ਜੋਹਰੀ ਅਤੇ ਸ਼ੇਰ ਦੀ ਥਾਂ 'ਸ਼ੇਹ' ਪ੍ਰਿੰਟ ਹੋ ਗਿਆ ਹੈ। ਇਥੇ 'ਅਰਸ਼ੀ' ਸਿਆਰੇ ਦੀ ਥਾਂ 'ਅਰਸ਼ੀ' ਸਿਆਣੇ ਛੱਪ ਗਿਆ ਹੈ, ਜੋ ਨਾਕਾਬਿਲੇ ਕਬੂਲ ਦੋਸ਼ ਹੈ। 'ਸਿਆਰੇ' ਤੋਂ ਮੁਰਾਦ—ਸਿਤਾਰੇ, ਤਾਰੇ ਜਾਂ ਵਿਸ਼ਾਲ ਅਰਥਾਂ ਵਿਚ ਤਾਰਾ-ਮੰਡਲ ਤੋਂ ਹੈ ਜੋ ਕਿ ਸ਼ਾਇਰ ਦਾ ਸਹੀ ਕਹਿਣ ਤੋਂ ਭਾਵ ਹੈ। ਅਰਸ਼ੀ ਸਿਆਣੇ ਤਾਂ ਕਿਸੇ ਤਰ੍ਹਾਂ ਵੀ ਨਹੀਂ ਢੁਕਦਾ। ਹੁਣ ਮੈਂ ਕਿਸ ਕਿਸ ਨੂੰ ਆਪਣੀ ਪੋਜ਼ੀਸ਼ਨ ਸਪੱਸ਼ਟ ਕਰਾਂ? ਅਜਿਹੇ ਸੰਪਾਦਕੀ ਟੱਚ ਦੇਣ ਨਾਲੋਂ ਤਾਂ ਆਪ ਕਵਿਤਾ ਨਾ ਛਾਪਦੇ ਤਾਂ ਕਿਤੇ ਚੰਗਾ ਹੁੰਦਾ। ਭਵਿਖ ਵਿਚ ਜ਼ਰੂਰ ਇਸ ਪੱਖ ਨੂੰ ਗੰਭੀਰਤਾ ਨਾਲ ਸੋਚਣਾ ਹੋਵੇਗਾ।...

ਨਿਰਵੈਰ ਸਿੰਘ ਅਰਸ਼ੀ
੨੦ ਪ੍ਰੀਤਮ ਰੋਡ ਡੇਹਰਾਦੂਨ

——

ਤੇਰੀ ਛੱਬ ਨਿਆਰੀ, ਤੇਰੇ 'ਵਰਿਆਮ' ਦੀ ਖੂਬਸੂਰਤ ਤਿਆਰੀ, ਤੇਰੀ ਕਲਮ ਪਿਆਰੀ, ਹੁਣ ਤਾਂ ਸਾਨੂੰ ਕਿਸੇ ਸ਼ਬਦ ਕੁਬੇਰ ਭੰਡਾਰੀ ਪਾਸ ਜਾਣਾ ਪਿਆ ਕਰੇਗਾ ਤਾ ਕਿ ਆਪ ਨਾਲ ਗੱਲ ਕਰਨ ਲਈ ਕੁਛ ਬਾਤ ਬਣ ਜਾਇ।

ਚਾਨਣ ਦੀ ਮਹਿਕ ਨੇ ਸਾਰੀਆਂ ਖੁਸ਼ਬੋਆਂ ਨੂੰ ਚੈਲਿੰਜ ਕਰ ਦਿਤਾ। ਅਵਤਾਰ ਜੋੜੇ ਦੀ ਅਕੀਦਤ ਨੂੰ ਸਲਾਮ ਹੈ। ਕੁੱਜੇ ਬੰਦ ਸਮੁੰਦਰ। ਸੁਰਜੀਤ ਖੁਰਸ਼ੀਦੀ ਨੂੰ ਤੁਸਾਂ ਚਾਹਿਆ ਕਿ ਉਹਦੀ ਅੰਤਰ ਪ੍ਰੇਰਨਾ ਤੁਹਾਡੇ ਤਕ ਲੈ ਆਈ ਪਰ ਨੇਕਾਂ ਨੂੰ ਜਿਤਣਾ ਅਤੇ ਜਿਤਾਉਣਾ ਹੀ ਚਾਹੀਦਾ ਹੈ। ਆਰਿਫ਼ ਗੋਬਿੰਦਪੁਰੀ ਜਿਉਂਦਾ ਰਹੇ। ਉਹਦੀ ਗ਼ਜ਼ਲ ਦਾ ਇਕ ਇਕ ਸ਼ੇਅਰ ਵਿਵਧਾ ਅਤੇ ਖਵਕ ਰਖਦਾ ਹੈ। ਸੂਰਜ ਨੂੰ ਲਿਆ ਤਰਲਾ ਇਮਤਿਆਜ਼ ਦੀ ਨਵੇਂ ਸਾਲ ਵਾਸਤੇ ਪ੍ਰਾਰਥਨਾ ਹੀ ਲਗਦੀ ਹੈ ਪਰ ਅਰਸ਼ੀ ਨੇ ਜਿਹੜੀ ਗੱਲ ਕੀਤੀ ਹੈ ਉਹ ਅੱਜ ਦੇ ਸੂਰਮਿਆਂ ਲਈ ਹੈ ਭਾਵੇਂ ਗੁਰਚਰਨ ਚੀਮਾ ਨੇ ਦੁਖਦੀ ਰਗ ਤੇ ਉਂਗਲ ਰੱਖ ਦਿਤੀ ਹੈ।

ਚੰਗਾ ਹੁੰਦਾ ਮੈਂ ਏਦੂੰ ਅਗਲੀਆਂ ਰਚਨਾਵਾਂ ਦਾ ਪ੍ਰਭਾਵ ਵੀ ਸਪੱਸ਼ਟ ਕਰ ਦਿੰਦਾ ਪਰ ਅੱਜ ਤਕ ਏਨਾ ਹੀ ਪੜ੍ਹ ਸਕਿਆ ਹੈ।

ਪ੍ਰੀਤਮ ਸਿੰਘ ਕਵੀ
ਨਵੀਂ ਦਿੱਲੀ


Sri Satguru Jagjit Singh Ji eLibrary NamdhariElibrary@gmail.com

ਪੰਡਿਤ ਰਾਜਿੰਦਰ ਸਿੰਘ ਗੁਰੂ ਸਰ ਵਾਲਿਆਂ ਦੀ ਚਿੱਠੀ ਆਈ ਹੈ ਅਮਰ ਨਾਥ ਦੀ ਯਾਤਰਾ ਦੀ ਸਲਾਹੁਤਾ ਵਜੋਂ । ਪਰ ਉਹਨਾਂ ਨੇ ਉਸੇ ਲਿਖਤ ਵਿਚੋਂ ਇਹ ਨਤੀਜਾ ਵੀ ਕਢ ਲਿਆ ਹੈ ਕਿ ਮੇਰੀ ਦੇਹ ਕਿਸੇ ਹਲਵਾਈ ਦੇ ਥੁਲ ਥੁਲ ਕਰਦੇ ਢਿੱਡ ਵਾਲੇ ਵਿਅਕਤੀ ਵਰਗੀ ਹੋ ਗਈ ਹੈ। ਇੰਜ ਦੀ ਗੱਲ ਹੈ ਕੋਈ ਨਹੀਂ । ਪਹਿਲਾਂ ਨਾਲੋਂ ਪਤਲਾ ਵੀ ਹਾਂ ਤੇ ਚੁਸਤ ਦਰੁਸਤ ਵੀ । ਘੋੜਿਆਂ ਵਾਲਿਆਂ ਦੇ ਹਿਸਾਬ ਨੇ ਸਾਰੀ ਗੜਬੜ ਕਰ ਦਿਤੀ ਹੈ ਜਿਸ ਨਾਲ ਉਹਨਾਂ ਨੂੰ ਵਧ ਪੈਸੇ ਮਿਲਣ ਦੀ ਆਸ ਸੀ ।

ਅਮਰ ਭਾਰਤੀ
ਨਵੀਂ ਦਿੱਲੀ

---

ਮੈਂ ਵਰਿਆਮ ਨੂੰ ਪੜ੍ਹਕੇ ਪੂਰਾ ਅਨੰਦ ਮਾਣਦਾ ਹਾਂ । ਆਪ ਜੀ ਦੀ ਸੰਪਾਦਕੀ ਅਤੇ ਰੂਸ ਯਾਤਰਾ ਤੇ ਗ਼ਜ਼ਲਾਂ ਕਵਿਤਾਵਾਂ ਆਦਿ ਬਹੁਤ ਹੀ ਪਸੰਦ ਆਉਂਦੀਆਂ ਹਨ । ਆਪ ਦੀ ਸੁਚੱਜੀ ਚੋਣ ਤੇ ਸੂਝ ਭਰੀ ਸੰਪਾਦਕੀ ਨੂੰ ਪੜ੍ਹ ਕੇ ਦਿਲ ਗਦ ਗਦ ਹੋ ਉਠਦਾ ਹੈ ।

ਮੋਹਨ ਸਿੰਘ ਬੈਰੀ
ਨਵੀਂ ਦਿੱਲੀ

---

...ਵਰਿਆਮ ਵਿਚ ਲੇਖ, ਕਵਿਤਾਵਾਂ, ਕਹਾਣੀਆਂ, ਪੁਸਤਕ ਪੜਚੋਲ, ਸਾਹਿਤਕ, ਇਤਿਹਾਸਕ ਤੇ ਰਚਨਾਤਮਕ ਪਖੋਂ ਪਰਸੰਸਾ ਯੋਗ ਹਨ ।...ਤੁਹਾਡੇ ਜਤਨ ਹੌਸਲਾ ਤੇ ਦ੍ਰਿੜਤਾ ਸਲਾਹੁਣ ਯੋਗ ਹਨ ।

ਇਸੇ ਪਰਚੇ ਦੇ "ਹੀਰੋ ਸ਼ਹਿਰ ਕੀਵ" ਨੂੰ ਪੜ੍ਹਦਿਆਂ ਜਦੋਂ ਦੋਸਤੀ-ਸੰਸਥਾ ਦੀ ਕਹਾਣੀ, ਰੂਸ ਦੇ ਮਹਾਨ ਨੇਤਾਵਾਂ ਤੇ ਸੰਸਾਰ ਭਰ ਦੇ ਸਿਆਣੇ ਸਿਆਣੇ ਵਿਦਵਾਨਾਂ ਕਲਾਕਾਰਾਂ ਨੂੰ ਕੂਕਾ ਲਹਿਰ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਨਾਲ ਹਿੰਦ-ਰੂਸ ਮਿਤਰਤਾ ਦੀ ਜਾਣਕਾਰੀ ਦੇਣ ਦੀ ਕਥਾ ਪੜ੍ਹੀ ਤਾਂ ਸਰੂਰ ਆ ਗਿਆ ਕਿ ਜਗਦੀਸ਼ ਜੀ ਨੇ ਰੂਸੀ ਯਾਤਰਾ ਦਾ ਮੁਲ ਲੈ ਲਿਆ । ਦੋਸਤੀ-ਸੰਸਥਾ ਸਮਾਗਮ ਵਿਚ ਕੂਕਿਆਂ ਦੀ ਕੁਰਬਾਨੀ, ਦੇਸ ਭਗਤੀ, ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਦੀ ਵਾਰਤਾ ਸ੍ਰੋਤਿਆਂ ਨੂੰ ਸੁਣਾ ਉਹਨਾਂ ਨੂੰ ਤਾਲੀਆਂ ਮਾਰਨ ਵਾਸਤੇ ਉਲਾਸ ਪੈਦਾ ਕੀਤਾ ਸੀ, ਓਥੇ ਮੇਰਾ ਅੰਦਰਲਾ ਝੂਮ ਉਠਿਆ ਤੇ ਹੱਥ ਆਪ ਮੁਹਾਰੇ ਤੌੜੀ ਮਾਰਨ ਲਗੇ । ਸਮੇਂ ਸਿਰ ਆਪ ਦੀ ਦਰਸਾਈ ਸੂਝਬੂਝ ਪ੍ਰਸੰਸਾ ਯੋਗ ਹੈ। ਜਗਦੀਸ਼ ਜੀ ਸ਼ਾਬਾਸ਼, ਸ਼ਾਬਾਸ਼, ਸ਼ਾਬਾਸ਼...

(ਮਾਸਟਰ) ਨਿਹਾਲ ਸਿੰਘ,
੧੯੯-ਰਾਮ ਨਗਰ ਐਕਸਟੈਨਸ਼ਨ
ਦਿੱਲੀ-੫੧

# ਸਹਿਯੋਗ

ਵੱਖ ਵੱਖ ਥਾਵਾਂ ਤੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਮਹਾਰਾਜ਼ ਦਾ ਪ੍ਰਕਾਸ਼ ਉਤਸਵ ਸ਼ਰਧਾ ਪੂਰਬਕ ਮਨਾਇਆ ਗਿਆ । ਇਸ ਖੁਸ਼ੀ ਵਿਚ ਸੰਗਤਾਂ ਨੇ ਵਰਿਆਮ ਨੂੰ ਮਾਇਕ ਸਹਿਯੋਗ ਵੀ ਦਿਤਾ ।

| | |
|---|---|
| **ਨਾਮਧਾਰੀ ਸੰਗਤ ਲਖਨਊ** | ੫੦/- ਰੁਪਏ |
| **ਸ. ਕੁਲਦੀਪ ਸਿੰਘ ਸੇਠੀ ਲਖਨਊ** | ੫੦/- ਰੁਪਏ |
| **ਨਾਮਧਾਰੀ ਸੰਗਤ ਔਰੰਗਾਬਾਦ** | ੫੦/- ਰੁਪਏ |
| **ਨਾਮਧਾਰੀ ਸੰਗਤ ਬੰਬਈ** | ੭੫/- ਰੁਪਏ |
| **ਨਾਮਧਾਰੀ ਸੰਗਤ ਲੁਧਿਆਣਾ ਵਲੋਂ** | ੫੦/- ਰੁਪਏ |

—**ਸ. ਸਰਦਾਰਾ ਸਿਘ ਜੀ ਲੁਧਿਆਣਾ** ਉਹ ਨਿਟਵੀਅਰ ਜੰਮੂ ਕਾਲੋਨੀ ਦੇ ਘਰੇਂ ਮਾਤਾ ਪਰੇਮ ਕੌਰ ਜੀ ੭-੧੨-੯੮ ਨੂੰ ਚੜਾਈ ਕਰ ਗਏ । ਉਨ੍ਹਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ੧੮-੧੨-੯੮ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰ ਪਾਇਆ ਗਿਆ । ਇਸ ਅਵਸਰ ਤੇ ਵਰਿਆਮ ਨੂੰ ੧੫੦/- ਰੁਪਏ ਉਹਨਾਂ ਦੇ ਪਰਿਵਾਰ (ਸ. ਜਗਮੋਹਨ ਸਿੰਘ, ਹਰਭਜਨ ਸਿੰਘ, ਗੁਰਬਖਸ਼ੀਸ਼ ਸਿੰਘ ਸਪੁਤਰਾਂ) ਰਾਹੀਂ ਭੇਜੇ ਗਏ ।

—**ਸੰਤ ਸੌਦਾਗਰ ਸਿੰਘ ਬਹਾਦਰਗੜ੍ਹ ਵਾਲੇ** ਪ੍ਰਸਿਧ ਨਾਮਧਾਰੀ ਅਤੇ ਪਰਿਵਾਰ ਨੇ ਅੱਜ ਕਲ ਲੁਧਿਆਨਾ ਫੋਕਲ ਪੁਆਇੰਟ ਵਿਚ ਪੰਜਾਬ ਇੰਡਸਟਰੀਜ਼ ਤੇ ਨਾਮਧਾਰੀ ਇੰਜ: ਵਰਕਸ ਨਾਮ ਤੇ ਫੈਕਟਰੀ ਚਾਲੂ ਕੀਤੀ ਹੈ ਅਤੇ ਨਿਵਾਸ ਅਸਥਾਣ ਦਣਾਇਆ ਹੈ । ਇਸ ਖੁਸ਼ੀ ਵਿਚ ੧੬ ਫਰਵਰੀ ਨੂੰ ਇਹਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਆਪਣੇ ਗ੍ਰਹਿ ਅਤੇ ਕਾਰੋਬਾਰ ਸਥਾਨ ਵਿਚ ਪਵਾਏ । ਅਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸੰਤ ਪੂਰਨ ਸਿੰਘ, ਗਿਆਨੀ ਗਿਆਨ ਸੋਹਨ ਸਿੰਘ ਪਧਾਣੇ ਅਤੇ ਪੱਦੀ ਵਾਲੇ ਦੁਆਬੇ ਦੇ ਜੱਥੇ ਨੇ ਉਚੀਆਂ ਸੁਰਾਂ ਵਿਚ ਕੀਤਾ । ਉਸ ਬਾਦ ਜਥੇਦਾਰ ਗੁਰਚਰਨ ਸਿੰਘ ਅਤੇ ਜ: ਦਰਸ਼ਨ ਸਿੰਘ ਲੁਧਿਆਣਾ ਨੇ ਕੀਰਤਨ ਕੀਤਾ । ਇਕ ਅਖੰਡ ਪਾਠ ਅਤੇ ਦੋ ਸਾਧਾਰਣ ਪਾਠਾਂ ਦੇ ਭੋਗ ਪੂਰਣ ਮਰਿਆਦਾ ਅਨੁਸਾਰ ਪਾਏ ਗਏ । ਨਵੀਂ ਆਰਾ ਮਸ਼ੀਨ ਦਾ ਮਹੂਰਤ ਕੀਤਾ ਗਿਆ ਅਤੇ ਸਾਧ ਸੰਗਤ ਦੀ ਸੇਵਾ ਲੰਗਰ ਨਾਲ ਕੀਤੀ ਗਈ । ਇਸ ਸਮੇਂ ਸ੍ਰੀ ਭੈਣੀ ਸਾਹਿਬ ਅਤੇ ਦੂਰ ਨੇੜਿਓ ਬਹੁਤ ਸੰਗਤ ਮੇਲੇ ਵਿਚ ਸ਼ਾਮਲ ਹੋਈ । ਵਰਿਆਮ ਨੂੰ ੫੦/- ਸਹਾਇਤਾ ਦਿਤੀ ਗਈ ।

—**ਸੰਤ ਸੁਰਿੰਦਰ ਸਿੰਘ ਲਾਇਲ ਲੁਧਿਆਣਾ** ਦੀ



Sri Satguru Jagjit Singh Ji eLibrary NamdhariElibrary@gmail.com

ਨਵੀਂ ਕੋਠੀ ਦੀ ਚੱਠ ੧੩-੨-੯੯ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਪਵਾ ਕੇ ਕੀਤੀ ਗਈ। ਇਸ ਸਮੇਂ ਪੂਰਣ ਮਰਿਆਦਾ ਅਨੁਸਾਰ ਅਖੰਡ ਪਾਠ ਕੀਤਾ ਗਿਆ। ਵਰਿਆਮ ਨੂੰ ੫੦/- ਰੁਪੈ ਸਹਾਇਤਾ ਦਿਤੀ ਗਈ।

—**ਸੰਤ ਚਰਨ ਸਿੰਘ ਮੋਰੋਂ** ਵਾਲਿਆਂ ਦੇ ਗ੍ਰਹਿ ਵਿਖੇ ਪਿਛਲੇ ਦਿਨੀਂ ਮੇਲਾ ਹੋਇਆ। ਅਖੰਡ ਪਾਠ ਆਦਿ ਅਤੇ ਦਸਮ ਗਰੰਥ ਤੋਂ ਇਲਾਵਾ ੧੧੦੦੦ ਚੰਡੀ ਦੀ ਵਾਰ ਦੇ ਪਾਠਾਂ ਦੇ ਭੋਗ ਪਾਏ ਗਏ। ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਲੇ ਤੇ ਦਰਸ਼ਨ ਦਿਤੇ। ਪੰਡਿਤ ਗੋਪਾਲ ਸਿੰਘ ਜੀ ਅਤੇ ਜਥੇਦਾਰ ਗੁਰਦੀਪ ਸਿੰਘ ਜੀ ਨੇ ਦੀਵਾਨ ਸਜਾਏ। ਸੰਤ ਦਿਆਲ ਸਿੰਘ ਫਗਵਾੜਾ ਰਾਹੀਂ ੫੧/- ਰੁਪੈ ਦੀ ਸਹਾਇਤਾ ਵਰਿਆਮ ਨੂੰ ਪੁੱਜੀ ਹੈ।

—**ਸ: ਨਰਿੰਜਨ ਸਿੰਘ ਗਹੀਰ ਯੂ.ਕੇ.** ਨੇ ਲੁਧਿਆਣਾ ਆਪਣੇ ਗ੍ਰਹਿ ਵਿਖੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨ ਪੁਆਏ। ਇਕ ਅਖੰਡ ਪਾਠ ਦਾ ਭੋਗ ਪਿਆ ਅਤੇ ਪੰਡਿਤ ਗੋਪਾਲ ਸਿੰਘ ਨੇ ਦੀਵਾਨ ਲਾਇਆ। ਇਸ ਅਵਸਰ ਤੇ ੩੧\- ਵਰਿਆਮ ਨੂੰ ਭੇਜੇ ਗਏ ਹਨ।

—**ਨਾਮਧਾਰੀ ਸੰਗਤ ਲੁਧਿਆਣਾ** ਹਰ ਸਾਲ ਸ੍ਰੀ ਭੈਣੀ ਸਾਹਿਬ ਵਿਗੇ ਰਾਇਕੋਟ ਦੇ ਸ਼ਹੀਦਾਂ ਦਾ ਮੇਲਾ ਕਰ ਰਹੀ ਹੈ। ੨੯ ਨਵੰਬਰ ਨੂੰ ਹੋਏ ਇਸ ਮੇਲੇ ਦੇ ਅਵਸਰ ਤੇ ਸਾਰਾ ਦਿਨ ਦੀਵਾਨ ਸੱਜੇ ਅਤੇ ਸ਼ਹੀਦਾਂ ਦੇ ਇਤਿਹਾਸ ਨੂੰ ਦੁਹਰਾਇਆ ਗਿਆ। ਵਰਿਆਮ ਵਾਸਤੇ ੨੫/- ਰੁਪੈ ਸਹਾਇਤਾ ਭੇਜੀ ਗਈ।

ਉਪ੍ਰੋਕਤ ਬਹੁਤ ਸਾਰੀ ਮਾਇਆ ਸੰਤ ਦਿਆਲ ਸਿੰਘ ਫਗਵਾੜਾ ਜੀ ਰਾਹੀਂ ਪ੍ਰਾਪਤ ਹੋਈ ਹੈ। ਸੰਤ ਜੀ ਨੂੰ ਪੰਥਕ ਕਮ ਕਰਨ ਦੀ ਅਨਥਕ ਲਗਣ ਹੈ।

—**ਸ਼ਹੀਦ ਵਰਿਆਮ ਸਿੰਘ ਜੀ ਦੀ ਯਾਦ ਵਿਚ ਮੇਲਾ** ਮੰਡੀ ਰਾਮਪੁਰਾ ਫੂਲ ਵਿਚ ਸ਼ਹੀਦ ਵਰਿਆਮ ਸਿੰਘ ਦੀ ਯਾਦ ਵਿਚ ੨੮-੨੯-੩੦ ਜਨਵਰੀ ਨੂੰ ਬੜੀ ਧੂਮ-ਧਾਮ ਨਾਲ ਮੇਲਾ ਕੀਤਾ ਗਿਆ। ਸ਼ਹੀਦ ਵਰਿਆਮ ਉਹ ਸੂਰਮਾ ਸੀ ਜਿਸ ਨੇ ਮਾਲੇਰਕੋਟਲਾ ਦੇ ਰਕੜ ਵਿਚ ਪੈਰਾਂ ਹੇਠ ਢੀਮਾ ਰਖ ਕੇ ਤੋਪ ਦੇ ਗੋਲੇ ਸੀਨੇ ਵਿਚ ਖਾ ਕੇ ਸ਼ਹੀਦੀ ਪਾਈ ਸੀ। ਇਸ ਦਿਵਸ ਨੂੰ ਪਿਛਲੇ ਕਈ ਸਾਲਾਂ ਤੋਂ ਮੰਡੀ ਰਾਮਪੁਰਾ ਫੂਲ ਦੇ ਇਲਾਕੇ ਦੀ ਸੰਗਤ ਮਨਾ ਰਹੀ ਹੈ। ਇਸ ਵਾਰ ਵੀ ਇਸ ਦਿਨ ਤੇ ਭਾਰੀ ਮੇਲਾ ਕੀਤਾ ਗਿਆ। ਪੰਡਿਤ ਗੋਪਾਲ ਸਿੰਘ ਜੀ, ਜਥੇਦਾਰ ਗਿਆਨ ਸਿੰਘ ਜੀ, ਜਥੇਦਾਰ ਨਿਰੰਜਣ ਸਿੰਘ ਜੀ ਸੂਬਾ ਮੇਲਾ ਸਿੰਘ, ਬਾਬਾ ਛਿੰਦਾ ਸਿੰਘ ਜੀ, ਜ: ਸੇਵਾ ਸਿੰਘ, ਕਵੀਸ਼ਰ ਸ: ਸੰਤੋਖ ਸਿੰਘ, ਪ੍ਰੀਤਮ ਸਿੰਘ, ਬਾਜ਼ ਸਿੰਘ ਆਦਿਕ ਜਥੇਦਾਰਾਂ ਨੇ ਆਪਣੇ ਦੀਵਾਨ ਵਿਚ ਨਾਮਧਾਰੀ ਇਤਿਹਾਸ ਦੇ ਉਨ੍ਹਾਂ ਖ਼ੂਨੀ ਪਤਰਿਆਂ ਨੂੰ ਲੋਕਾਂ ਸਾਹਮਣੇ ਰਖਿਆ। ਇਸ ਮੇਲੇ ਦੇ ਅਵਸਰ ਤੇ ੫੧/- ਰੁਪਏ ਵਰਿਆਮ ਨੂੰ ਭੇਟਾ ਕੀਤੇ ਗਏ।

—**ਪ੍ਰੋ: ਕਿਰਪਾਲ ਸਿੰਘ ਜੰਡੂ** ਸੰਗੀਤਾਚਾਰਯ ਜਲੰਧਰ ਨੇ ਆਪਣੇ ਨਿਵਾਸ ਸਥਾਨ ਪਿੰਡ ਡਲੀ ਪਠਾਨਕੋਟ ਰੋਡ ਭੋਗਪੁਰ ਵਿਖੇ ਹੋਏ ਗੁਰਮਤ ਸਮਾਗਮ ਸਮੇਂ ਵਰਿਆਮ ਨੂੰ ੫੧/-ਰੁਪਏ ਸਹਾਇਤਾ ਦਿਤੀ। ਸੰਤ ਬਲਬੀਰ ਸਿੰਘ ਭਾਈ ਗੁਰਮੇਲ ਸਿੰਘ ਭਾਈ ਨਿਰਮਲ ਸਿੰਘ ਨੇ ਕੀਰਤਨ ਕੀਤਾ। ਸ: ਤੇਜਿੰਦਰ ਸਿੰਘ ਬੇਦੀ ਨੇ ਕਥਾ ਕੀਤੀ ਅਤੇ ਪਾਠ ਦਾ ਭੋਗ ਪਾਇਆ ਗਿਆ।

—**ਸ: ਆਸਾ ਸਿੰਘ ਉਪਾਸ਼ਕ ਫਲੌਰ** ਨੇ ਆਪਣੇ ਗ੍ਰਹਿ ਵਿਖੇ ਐਤਵਾਰ, ੨੨ ਮਾਰਚ ਨੂੰ ਅਖੰਡ ਪਾਠ ਕਰਵਾਇਆ ਅਤੇ ਦੀਵਾਨ ਕੀਰਤਨ ਕਰਵਾਇਆ। ਜਥੇਦਾਰ ਗੁਰਦੀਪ ਸਿੰਘ ਸ੍ਰੀ ਭੈਣੀ ਸਾਹਿਬ ਅਤੇ ਜ: ਇਕਬਾਲ ਸਿੰਘ ਵਡਾਲਾ ਜੌਹਲਾਂ ਨੇ ਦੀਵਾਨ ਸਜਾਏ। ਇਸ ਸੁਭਾਗ ਅਵਸਰ ਤੇ ਵਰਿਆਮ ਨੂੰ ੨੧/-ਰੁਪਏ ਭੇਟਾ ਕੀਤੇ ਗਏ। ਸ: ਆਸਾ ਸਿੰਘ ਜੀ ਦੇ ਛੋਟੇ ਵੀਰ ਅਤੇ ਯੂ. ਕੇ. ਦੇ ਪ੍ਰਸਿਧ ਨਾਮਧਾਰੀ ਰਿਸਰਚ ਸਕਾਲਰ ਸ: ਸੁਰਜੀਤ ਸਿੰਘ ਜੀਤ ਵੀ ਇਸ ਅਵਸਰ ਤੇ ਆਏ ਹੋਏ ਸਨ।

—**ਸੰਤ ਪ੍ਰੀਤਮ ਸਿੰਘ ਪੱਦੀ** ਵਾਲੇ ਨਾਮਧਾਰੀ ਜਗਤ ਵਿਚ ਆਸਾ ਦੀ ਵਾਰ ਲਾਉਣ ਵਾਲੇ ਪ੍ਰਸਿਧ ਕੀਰਤਨੀਏ ਹੋਏ ਹਨ ਜਿਹਨਾਂ ਦੇ ਸਪੁਤਰ ਸੰਤ ਦਿਆਲ ਸਿੰਘ ਫਗਵਾੜੇ ਵਾਲੇ ਸ੍ਰੀ ਭੈਣੀ ਸਾਹਿਬ ਵਿਚ ਪ੍ਰਬੰਧਕੀ ਕਾਰਜਾਂ ਦੀ ਸੇਵਾ ਕਰ ਰਹੇ ਹਨ। ਇਹਨਾਂ ਦੇ ਗ੍ਰਹਿ ਫਗਵਾੜਾ ਵਿਚ ੧੩ ਮਾਰਚ ਸੋਮਵਾਰ ਨੂੰ ਅਖੰਡ ਪਾਠ ਦਾ ਭੋਗ ਪਿਆ। ਆਸਾ ਦੀ ਵਾਰ ਦਾ ਕੀਰਤਨ ਸੰਤ ਪੂਰਨ ਸਿੰਘ ਜੀ ਸ: ਗਿਆਨ ਸਿੰਘ ਜੀ ਸੋਹਨ ਸਿੰਘ ਜੀ ਪਧਾਣਾ ਪਦੀ ਵਾਲੇ ਜਥੇ ਨੇ ਕੀਤਾ। ਜਥੇਦਾਰ ਇਕਬਾਲ ਸਿੰਘ ਜੌਹਲ ਨੇ ਅਸਰਦਾਇਕ ਦੀਵਾਨ ਸਜਾਇਆ। ਜਥੇਦਾਰ ਪ੍ਰੀਤਮ ਸਿੰਘ ਡੁਬਈ ਵਾਲਿਆਂ ਵੀ ਦੀਵਾਨ ਲਾਇਆ, ਸ: ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਸੰਤ ਪ੍ਰੀਤਮ ਸਿੰਘ ਜੀ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਸਟੇਜ ਸਕਤਰ ਦੀ ਜ਼ਿਮੇਵਾਰੀ ਸੰਤ ਦਲੀਪ ਸਿੰਘ ਲੁਧਿਆਣਾ ਨੇ ਨਿਭਾਈ। ਗੁਰੂ ਕਾ ਲੰਗਰ ਅਤੁਟ ਵਰਤਿਆ। ਵਰਿਆਮ ਨੂੰ ੨੧/-ਰੁਪਏ ਭੇਟ ਕੀਤੇ ਗਏ।


Sri Satguru Jagjit Singh Ji eLibrary NamdhariElibrary@gmail.com

**—ਮਾਤਾ ਬਸੰਤ ਕੌਰ ਗੁਰਾਇਆ** ਵਿਖੇ ੨੬ ਫਰਵਰੀ ੧੯੯੯ ਨੂੰ ਚੜ੍ਹਾਈ ਕਰ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦਾ ਭੋਗ ਆਪ ਦੇ ਦਾਮਾਦ ਸ: ਗੁਰਚਰਨ ਸਿੰਘ ਅਤੇ ਸਪੁਤਰੀ ਬੀਬੀ ਸੁਰਜੀਤ ਕੌਰ ਨੇ ਆਪਣੇ ਨਿਵਾਸ ਅਸਥਾਨ ਦਿਲਬਾਗ ਕਾਲੋਨੀ ਗੁਰਾਇਆ ਵਿਚ ਪੁਆਇਆ। ਜਥੇਦਾਰ ਸੰਤ ਗਿਆਨ ਸਿੰਘ ਜੀ, ਜਥੇਦਾਰ ਦਾਨ ਸਿੰਘ ਜੀ, ਟਹਿਲ ਸਿੰਘ ਜੀ ਨੇ ਕੀਰਤਨ ਕੀਤਾ ਅਤੇ ਗੁਰਮਤਿ ਅਨੁਸਾਰ ਵਿਆਖਿਆ ਕੀਤੀ। ਗੁਰੂ ਕਾ ਲੰਗਰ ਵਰਤਾਇਆ ਗਿਆ ਵਰਿਆਮ ਨੂੰ ੫੦/-ਰੁਪਏ ਭੇਟ ਕੀਤੇ ਗਏ।

**—ਡਾ: ਬਲਵੰਤ ਸਿੰਘ ਦਰਦੀ ਦਿਲੀ** ਮਾਨਸਰੋਵਰ ਗਾਰਡਨ ਵਾਲਿਆਂ ਆਪਣੇ ਪੋਤਰੇ ਕਾਕਾ ਸਰਬਜੀਤ ਸਿੰਘ (ਸਪੁਤਰ ਸ: ਬਲਵਿੰਦਰ ਸਿੰਘ ਨੂੰ ਦਸਤਾਰ ਬਨਾਉਣ ਦੀ ਖੁਸ਼ੀ ਵਿਚ ਗੁਰਮਤ ਸਮਾਗਮ ਕੀਤਾ। ਪੂਰਨ ਗੁਰਮਰਿਆਦਾ ਅਨੁਸਾਰ ਅਖੰਡ ਪਾਠ ਹੋਇਆ। ਭੋਗ ਉਪਰੰਤ ਰਾਗੀ ਸੰਤ ਹਰਭਜਨ ਸਿੰਘ ਮਨਜੀਤ ਸਿੰਘ ਨੇ ਕੀਰਤਨ ਕੀਤਾ। ਜਥੇਦਾਰ ਦਰਸਨ ਸਿੰਘ ਜੀ ਹੱਲੇ ਦਾ ਦੀਵਾਨ ਲਾਇਆ। ਜਥੇਦਾਰ ਫੌਜਾ ਸਿੰਘ ਮੈਂਬਰ ਦਿਲੀ ਗੁਰਦਵਾਰਾ ਪਰਬੰਧਕ ਕਮੇਟੀ, ਸ: ਹਰਵਿੰਦਰ ਸਿੰਘ ਹੰਸਪਾਲ ਮੈਂਬਰ ਰਾਜ ਸਭਾ ਨੇ ਵਧਾਈ ਅਤੇ ਆਸ਼ੀਰਵਾਦ ਦਿਤੀ। ਸੰਤ ਰਾਜਾ ਸਿੰਘ ਜੀ ਨੇ ਭੁਝੰਗੀ ਨੂੰ ਦਸਤਾਰ ਸਜਾਈ। ਡਾ: ਬਲਵੰਤ ਸਿੰਘ ਜੀ ਨੇ ਸੰਗਤਾਂ ਦਾ ਧਨਵਾਦ ਕੀਤਾ। ਲੰਗਰ ਵਰਤਿਆ ਵਰਿਆਮ ਨੂੰ ੨੫/-ਰੁਪਏ ਸਹਿਯੋਗ ਦਿਤਾ ਗਿਆ।

**—ਸ: ਦੀਵਾਨ ਸਿੰਘ ਜੀ ਦਾ ਦੇਹਾਂਤ** ਸ: ਦੀਵਾਨ ਸਿੰਘ ਜੀ I. C-੧੪੭ ਨਾਮਧਾਰੀ ਕਾਲੋਨੀ ਰਮੇਸ਼ ਨਗਰ ਦਿਲੀ ਵਾਲੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦੀ ਜੀਵ ਆਤਮਾ ਨਮਿਤ ਸਨਿਚਰਵਾਰ ੨੫ ਫਰਵਰੀ ੧੯੯੯ ਨੂੰ ਨਾਮਧਾਰੀ ਧਰਮਸਾਲਾ ਰਮੇਸ਼ ਨਗਰ ਦਿਲੀ ਵਿਚ ਪਾਠ ਦਾ ਭੋਗ ਪਾਇਆ ਗਿਆ। ਇਸ ਸਮੇਂ ਜਥੇਦਾਰ ਸੇਵਾ ਸਿੰਘ ਜੀ ਨੇ ਗਿਆਨ ਮਈ ਕੀਰਤਨ ਕੀਤਾ। ਸ: ਜਗਦੀਸ਼ ਸਿੰਘ ਸੰਪਾਦਕ ਵਰਿਆਮ ਅਤੇ ਸ: ਹਵਿੰਦਰ ਸਿੰਘ ਹੰਸਪਾਲ ਮੈਂਬਰ ਰਾਜ ਸਭਾ ਨੇ ਸ਼ਰਧਾਂਜਲੀ ਅਰਪਨ ਕੀਤੀ। ਜਥੇਦਾਰ ਸੇਵਾ ਸਿੰਘ ਮਲੋਹ ਵਾਲਿਆਂ ਸਟੇਜ ਦਾ ਪ੍ਰਬੰਧ ਯੋਗਤਾ ਨਾਲ ਸੰਭਾਲਿਆ। ਅੰਤ ਗੁਰੂ ਕਾ ਅਤੁਟ ਲੰਗਰ ਵਰਤਿਆ। ਇਸ ਅਵਸਰ ਤੇ ਵਰਿਆਮ ਨੂੰ ੫੧/-ਰੁਪਏ ਭੇਟ ਕੀਤੇ ਗਏ।

---


REPUTED MANUFACTURER OF :

SUPERIOR QUALITY

SINGLE BARREL &

DOUBLE BARREL

B. L. 12 BORE

**GUNS**

Grams : SNIPER Phone : 3805

**MODERN GUN WORKS**

Opp. Industrial Estate,

JAMMU CANTT.





Sri Satguru Jagjit Singh Ji eLibrary NamdhariElibrary@gmail.com

WITH

BEST

COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅਬਰ ਬਿਸਕੁਟਸ ਪ੍ਰਾ: ਲਿ:

ਹੈਦਰਾਬਾਦ

**AMBER BISCUITS Pvt. Ltd.**

SANTOSH NAGAR, X'ROAD, HYDERABAD-500035 INDIA



Sri Satguru Jagjit Singh Ji eLibrary NamdhariElibrary@gmail.com